## ਅਧਿਆਇ 24

# ਇਸਰਾਏਲ ਨੂੰ ਬਰਕਤ ਦੇਣ ਦੇ ਲਈ ਬਿਲਆਮ ਦੀਆਂ ਨਬੂਵਤਾਂ (ਭਾਗ 2)

ਇਹ ਅਧਿਆਇ ਬਿਲਆਮ ਅਤੇ ਬਾਲਾਕ ਦੀ ਕਹਾਣੀ ਦਾ ਸਿੱਟਾ ਕੱਢਦਾ ਹੈ। ਅਧਿਆਇ 23 ਵਿਚ ਇਸਰਾਏਲ ਨੂੰ ਬਰਕਤ ਦੇਣ ਦੇ ਦੋ ਸੰਦੇਸ਼ਾਂ ਨੂੰ ਪ੍ਰਾਪਤ ਕਰਨ ਤੋਂ ਬਾਅਦ, ਬਿਲਆਮ ਨੂੰ ਦੋ ਹੋਰ ਸੰਦੇਸ਼ ਮਿਲੇ। ਪਹਿਲਾ, ਪਸ਼ੂਆਂ ਦੀਆਂ ਬਲੀਆਂ ਚੜ੍ਹਾਉਣ ਤੋਂ ਪਹਿਲਾਂ ਮਿਲਿਆ ਸੀ (23:29, 30), ਜਿਸ ਦਾ ਨਤੀਜਾ ਇਹ ਹੋਇਆ ਕਿ ਬਾਲਾਕ ਨੇ ਕ੍ਰੋਧ ਵਿਚ ਆ ਕੇ ਬਿਲਆਮ ਨੂੰ ਆਖਿਆ ਕਿ ਉਸ ਨੇ ਤਿੰਨ ਵਾਰ ਇਸਰਾਏਲ ਨੂੰ ਬਰਕਤ ਦੇਣ ਦੁਆਰਾ ਆਪਣੇ ਵਿੱਤੀ ਇਨਾਮ ਨੂੰ ਗੁਆ ਲਿਆ ਸੀ (24:10, 11)। ਪਹਿਲਾਂ ਵਾਂਗ, ਬਿਲਆਮ ਨੇ ਜ਼ੋਰ ਦਿੱਤਾ ਸੀ ਕਿ ਉਹ ਸਿਰਫ ਉਹੀ ਵਾਕ ਬੋਲੇਗਾ ਜੋ ਪਰਮੇਸ਼ੁਰ ਨੇ ਉਸ ਨੂੰ ਬੋਲਣ ਦੇ ਲਈ ਦਿੱਤਾ ਸੀ। ਜਦ ਕਿ ਇਸ ਵਾਰ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ ਕਿ ਬਿਲਆਮ ਕਿੰਨੇ ਲੋਕਾਂ ਨੂੰ ਵੇਖ ਸਕਦਾ ਸੀ, 24:2 ਆਖਦੀ ਹੈ ਕਿ ਉਸ ਨੇ "ਆਪਣੀਆਂ ਅੱਖਾਂ ਚੁੱਕ ਕੇ ਇਸਰਾਏਲ ਨੂੰ ਆਪਣੇ ਗੋਤਾਂ ਅਨੁਸਾਰ ਵੱਸੇ ਹੋਏ ਵੇਖਿਆ।"

ਇਸ ਤੋਂ ਬਾਅਦ, ਬਿਲਆਮ ਇਕ ਹੋਰ ਅਗੰਮ ਵਾਕ ਕਰਨ ਦੇ ਲਈ ਅੱਗੇ ਵਧਿਆ ਜਿਸ ਵਿਚ ਉਸ ਨੇ ਇਕ ਰਾਜਾ ਦੇ ਆਉਣ ਦੀ ਨਬੂਵਤ ਕੀਤੀ ਜਿਹੜਾ ਮੋਆਬੀਆਂ ਨੂੰ ਨਾਸ ਕਰ ਦੇਵੇਗਾ। ਬਿਲਆਮ ਨੇ ਤਿੰਨ ਛੋਟੇ-ਛੋਟੇ ਅਗੰਮ ਕੀਤੇ ਜਿਨ੍ਹਾਂ ਵਿਚ ਉਸ ਨੇ ਅਮਾਲੇਕੀਆਂ, ਕੇਨੀਆਂ, ਅੱਸ਼ੂਰ ਅਤੇ ਏਬਰ ਦੇ ਨਾਸ ਦੀ ਨਬੂਵਤ ਕੀਤੀ। ਅਧਿਆਇ ਦੇ ਅੰਤ ਵਿਚ, ਬਿਲਆਮ ਆਪਣੇ ਅਸਥਾਨ ਨੂੰ ਮੁੜ ਗਿਆ ਅਤੇ ਬਾਲਾਕ ਵੀ ਆਪਣੇ ਰਾਹ ਚਲਾ ਗਿਆ।

## ਤੀਜੀ ਨਬੂਵਤ:<br>"ਇਸਰਾਏਲ ਇਕ ਵੱਡਾ ਰਾਜ ਹੈ" (ਜਾਰੀ) (24:1-14)

**1ਜਦ ਬਿਲਆਮ ਨੇ ਵੇਖਿਆ ਕਿ ਯਹੋਵਾਹ ਦੀ ਨਿਗਾਹ ਵਿੱਚ ਇਸਰਾਏਲ ਨੂੰ ਬਰਕਤ ਦੇਣਾ ਚੰਗਾ ਹੈ ਤਾਂ ਜਿਵੇਂ ਪਹਿਲਾਂ ਕਦੀ ਕਦਾਈਂ ਜਾਂਦਾ ਸੀ ਉਹ ਹੁਣ ਜਾਦੂਗਰਾਂ ਨਾਲ ਮਿਲਣ ਲਈ ਨਾ ਗਿਆ ਪਰ ਉਸ ਨੇ ਆਪਣਾ ਮੂੰਹ ਉਜਾੜ ਵੱਲ ਕੀਤਾ। 2ਤਦ ਬਿਲਆਮ ਨੇ ਆਪਣੀਆਂ ਅੱਖਾਂ ਚੁੱਕੇ ਕੇ ਇਸਰਾਏਲ ਨੂੰ ਆਪਣੇ ਗੋਤਾਂ ਅਨੁਸਾਰ ਵੱਸੇ ਹੋਏ ਵੇਖਿਆ, ਤਾਂ ਪਰਮੇਸ਼ੁਰ ਦਾ ਆਤਮਾ ਉਸ ਉੱਤੇ ਆਇਆ। 3ਤਦ ਉਸ ਆਪਣਾ ਅਗੰਮ ਵਾਕ ਖੋਲ੍ਹ ਕੇ ਆਖਿਆ, ਬਓਰ ਦੇ ਪੁੱਤ੍ਰ ਬਿਲਆਮ ਦਾ ਵਾਕ, ਉਸ ਪੁਰਸ਼ ਦਾ ਵਾਕ ਜਿਹ ਦੀਆਂ ਅੱਖਾਂ**

**ਖੁੱਲ੍ਹੀਆਂ ਹਨ। [4]ਉਸ ਦਾ ਵਾਕ ਜਿਹੜਾ ਪਰਮੇਸ਼ੁਰ ਦੀਆਂ ਬਾਣੀਆਂ ਸੁਣਦਾ ਹੈ, ਜਿਹੜਾ ਸਰਬ ਸ਼ਕਤੀਮਾਨ ਦਾ ਦਰਸ਼ਨ ਪਾਉਂਦਾ ਹੈ, ਜਿਹੜਾ ਖੁੱਲ੍ਹੀਆਂ ਅੱਖਾਂ ਨਾਲ ਡਿੱਗ ਪੈਂਦਾ ਹੈ। [5]ਹੇ ਯਾਕੂਬ, ਤੇਰੇ ਤੰਬੂ ਕੇਡੇ ਚੰਗੇ ਹਨ! ਹੇ ਇਸਰਾਏਲ, ਤੇਰੇ ਵਾਸ ਵੀ! [6]ਵਾਦੀ ਵਾਂਙੁ ਓਹ ਫੈਲੇ ਹੋਏ ਹਨ, ਨਹਿਰ ਦੇ ਉੱਤੇ ਬਾਗ਼ਾਂ ਵਾਂਙੁ ਹਨ, ਯਹੋਵਾਹ ਦੇ ਲਾਏ ਹੋਏ ਅਗਰ ਦੇ ਬਿਰਛਾਂ ਵਾਂਙੁ, ਅਤੇ ਪਾਣੀ ਦੇ ਕੰਢੇ ਦੇ ਦਿਆਰ ਵਾਂਙੁ, [7]ਪਾਣੀ ਉਸ ਦੇ ਕੁਰਾਲਾਂ ਤੋਂ ਵਗੇਗਾ, ਅਤੇ ਉਸ ਦਾ ਬੀ ਬਹੁਤ ਪਾਣੀਆਂ ਵਿੱਚ ਹੋਵੇਗਾ, ਅਤੇ ਉਸ ਦਾ ਰਾਜਾ ਅਗਾਗ ਤੋਂ ਉੱਚਾ ਹੋਵੇਗਾ, ਉਸ ਦਾ ਰਾਜ ਵਧਦਾ ਜਾਵੇਗਾ। [8]ਪਰਮੇਸ਼ੁਰ ਉਸ ਨੂੰ ਮਿਸਰ ਤੋਂ ਲਿਆ ਰਿਹਾ ਹੈ, ਸਾਨ੍ਹ ਜਿਹਾ ਉਸ ਦਾ ਬਲ ਹੈ, ਉਹ ਆਪਣੀਆਂ ਵੈਰੀ ਕੌਮਾਂ ਨੂੰ ਖਾ ਜਾਵੇਗਾ, ਉਨ੍ਹਾਂ ਦੀਆਂ ਹੱਡੀਆਂ ਚੂਰ ਚੂਰ ਕਰੇਗਾ, ਅਤੇ ਓਹਨਾਂ ਨੂੰ ਆਪਣਿਆਂ ਤੀਰਾਂ ਨਾਲ ਵਿੰਨ੍ਹ ਦੇਵੇਗਾ। [9]ਉਹ ਛੈਹ ਗਿਆ, ਉਹ ਸਿੰਘ ਵਾਂਙੁ ਲੇਟਿਆ, ਅਤੇ ਸਿੰਘਣੀ ਵਾਂਙੁ, - ਕੌਣ ਉਹ ਨੂੰ ਛੇੜੇਗਾ? ਮੁਬਾਰਕ ਉਹ ਜਿਹੜਾ ਤੈਨੂੰ ਬਰਕਤ ਦੇਵੇ, ਅਤੇ ਸਰਾਪੀ ਉਹ ਜਿਹੜਾ ਤੈਨੂੰ ਸਰਾਪ ਦੇਵੇ! [10]ਤਾਂ ਬਾਲਾਕ ਦਾ ਕ੍ਰੋਧ ਬਿਲਆਮ ਦੇ ਵਿਰੁੱਧ ਭੜਕਿਆ ਅਤੇ ਹੱਥ ਉੱਤੇ ਹੱਥ ਮਾਰ ਕੇ ਬਾਲਾਕ ਨੇ ਬਿਲਆਮ ਨੂੰ ਆਖਿਆ, ਮੈਂ ਤੈਨੂੰ ਆਪਣੇ ਵੈਰੀਆਂ ਨੂੰ ਬਦ ਦੁਆ ਦੇਣ ਲਈ ਸੱਦਿਆ ਅਤੇ ਵੇਖ, ਤੈਂ ਤਿੰਨ ਵਾਰ ਉਨ੍ਹਾਂ ਨੂੰ ਬਰਕਤਾਂ ਹੀ ਬਰਕਤਾਂ ਦਿੱਤੀਆਂ! [11]ਹੁਣ ਆਪਣੇ ਥਾਂ ਨੂੰ ਨੱਠ ਜਾਹ! ਮੈਂ ਤਾਂ ਆਖਿਆ ਸੀ ਕਿ ਮੈਂ ਤੈਨੂੰ ਵੱਡੀ ਪਤ ਦਿਆਂਗਾ ਪਰ ਵੇਖ, ਯਹੋਵਾਹ ਨੇ ਤੈਨੂੰ ਪਤ ਲੈਣ ਤੋਂ ਮਨਾ ਕੀਤਾ। [12]ਅੱਗੋਂ ਬਿਲਆਮ ਨੇ ਬਾਲਾਕ ਨੂੰ ਆਖਿਆ, ਭਲਾ, ਮੈਂ ਤੇਰੇ ਹਲਕਾਰਿਆ ਨੂੰ ਜਿਹੜੇ ਤੈਂ ਮੇਰੇ ਕੋਲ ਘੱਲੇ ਸਨ ਨਹੀਂ ਆਖਿਆ ਸੀ [13]ਕਿ ਜੇ ਬਾਲਾਕ ਮੈਨੂੰ ਆਪਣੇ ਘਰ ਭਰ ਦੀ ਚਾਂਦੀ ਅਤੇ ਸੋਨਾ ਦੇਵੇ, ਮੈਂ ਯਹੋਵਾਹ ਦੇ ਹੁਕਮ ਦਾ ਉਲੰਘਣ ਨਹੀਂ ਕਰ ਸੱਕਦਾ ਕਿ ਆਪਣੇ ਹੀ ਮਨ ਤੋਂ ਭਲਾ ਯਾ ਬੁਰਾ ਕਰਾਂ? ਜਿਹੜਾ ਵਾਕ ਯਹੋਵਾਹ ਕਹੇ ਮੈਂ ਉਹੀ ਕਹਾਂਗਾ। [14]ਹੁਣ ਵੇਖ, ਮੈਂ ਆਪਣੇ ਲੋਕਾਂ ਕੋਲ ਜਾਂਦਾ ਹਾਂ। ਆ, ਮੈਂ ਤੈਨੂੰ ਦੱਸਾਂਗਾ ਭਈ ਏਹ ਲੋਕ ਤੇਰੇ ਲੋਕਾਂ ਨਾਲ ਆਖਰੀ ਦਿਨਾਂ ਵਿੱਚ ਕੀ ਕਰਨਗੇ।**

**ਆਇਤਾਂ 1, 2.** ਬਿਲਆਮ ਦਾ ਤੀਜਾ ਅਗੰਮ ਵਾਕ ਪਹਿਲੇ ਦੋ ਅਗੰਮ ਵਾਕਾਂ ਨਾਲੋਂ ਵੱਖਰੇ ਢੰਗ ਨਾਲ ਸ਼ੁਰੂ ਹੁੰਦਾ ਹੈ। ਕਿਉਂਕਿ **ਯਹੋਵਾਹ ਦੀ ਨਿਗਾਹ ਵਿੱਚ ਇਸਰਾਏਲ ਨੂੰ ਬਰਕਤ ਦੇਣਾ ਚੰਗਾ ਹੈ ਤਾਂ ਜਿਵੇਂ ਪਹਿਲਾਂ ਕਦੀ ਕਦਾਈਂ ਜਾਂਦਾ ਸੀ ਉਹ ਹੁਣ ਜਾਦੂਗਰਾਂ ਨਾਲ ਮਿਲਣ ਲਈ ਨਾ ਗਿਆ**। NLT ਬਾਈਬਲ ਅਨੁਵਾਦ ਕਹਿੰਦਾ ਹੈ ਕਿ ਉਸ ਨੇ "ਪਹਿਲਾਂ ਵਾਂਗ ਜਾਦੂਗਰਾਂ ਦਾ ਸਹਾਰਾ ਨਹੀਂ ਲਿਆ।" "ਕਦੀ ਕਦਾਈਂ" ਜਾਂ "ਜਿਵੇਂ ਪਹਿਲਾਂ" ਵਾਕ ਕੁਝ ਸਮੇਂ ਪਹਿਲਾਂ, ਜਿਵੇਂ ਉਸ ਨੇ ਪਹਿਲਾਂ ਦੋ ਅਗੰਮ ਵਾਕਾਂ ਨੂੰ ਭਾਲਿਆ ਸੀ, ਜਾਂ ਦੂਰ ਅਤੀਤ (ਉਸ ਪਰੰਪਰਾਗਤ ਰੀਤ) ਦਾ ਹਵਾਲਾ ਦੇ ਸਕਦੇ ਹਨ। ਪ੍ਰਾਸੰਗਿਕ ਤੌਰ ਤੇ, ਇਹ ਸ਼ਾਇਦ ਉਸ ਦੇ ਪਹਿਲਾਂ ਦੋ ਅਗੰਮ ਵਾਕਾਂ ਨੂੰ ਭਾਲਣ ਦਾ ਹਵਾਲਾ ਦਿੰਦਾ ਹੈ (23:3, 15) ਨਹੀਂ ਤਾਂ ਵਿਰਤਾਂਤ ਵਿਚ ਇਸ ਸਮੇਂ ਇਸ ਟਿੱਪਣੀ ਦਾ ਕੋਈ ਕਾਰਣ ਨਹੀਂ ਸੀ ਹੋਣਾ।[1]

ਇਸ ਦੀ ਬਜਾਇ, **ਉਸ ਨੇ ਆਪਣਾ ਮੂੰਹ ਉਜਾੜ ਵੱਲ ਕੀਤਾ** ਅਤੇ **ਇਸਰਾਏਲ** ਦੇ ਪੁੱਤਰਾਂ ਨੂੰ **ਵੇਖਿਆ**। ਉਹ ਗੋਤਾਂ **ਅਨੁਸਾਰ ਵੱਸ ਰਹੇ** ਸਨ, ਜੋ ਉਨ੍ਹਾਂ ਦੇ ਤੰਬੂ ਦੇ ਆਲੇ-ਦੁਆਲੇ ਦੇ ਮਨੋਨੀਤ ਅਹੁਦਿਆਂ ਦਾ ਹਵਾਲਾ ਦਿੰਦਾ ਹੈ (2:1-32)। ਇਸ ਸਮੇਂ, **ਪਰਮੇਸ਼ੁਰ ਦਾ ਆਤਮਾ ਉਸ ਉੱਤੇ ਆਇਆ**। ਉਸ ਨੂੰ ਪਰਮੇਸ਼ੁਰ ਦੁਆਰਾ ਦਿੱਤੇ ਗਏ ਸੰਦੇਸ਼ ਨੂੰ ਦੁਹਰਾਉਣ ਦੀ ਬਜਾਇ, ਬਿਲਆਮ ਉਸੇ ਤਰ੍ਹਾਂ ਬੋਲਿਆ ਜਿਵੇਂ ਪਰਮੇਸ਼ੁਰ ਨੇ ਉਸ ਨੂੰ ਪ੍ਰੇਰਣਾ ਦਿੱਤੀ ਸੀ।

**ਆਇਤਾਂ 3, 4.** ਬਿਲਆਮ ਨੇ ਆਪਣੇ ਤੀਜੇ **ਅਗੰਮ ਵਾਕ** ਨੂੰ ਖੁਦ ਦਾ ਹਵਾਲਾ ਦਿੰਦੇ ਹੋਏ ਸ਼ੁਰੂ ਕੀਤਾ ਸੀ, ਜਿਵੇਂ ਕਿ ਉਸ ਨੇ ਆਪਣੇ ਪਹਿਲੇ ਸੰਦੇਸ਼ ਵਿਚ ਕੀਤਾ ਸੀ (23:7)। ਉਸ

ਨੇ ਆਪਣੇ ਆਪ ਦਾ ਉਸ ਪੁਰਸ਼ ਦੇ ਰੂਪ ਵਿਚ ਵਰਣਨ ਕੀਤਾ **ਜਿਹ ਦੀਆਂ ਅੱਖਾਂ ਖੁਲ੍ਹੀਆਂ ਹਨ। ... ਜਿਹੜਾ ਪਰਮੇਸ਼ੁਰ** [אֵל, *'ਏਲ*] **ਦੀਆਂ ਬਾਣੀਆਂ ਸੁਣਦਾ ਹੈ,** ਅਤੇ **ਜਿਹੜਾ ਸਰਬ ਸ਼ਕਤੀਮਾਨ** [שַׁדַּי, *ਸ਼ੇਦਾਈ*][2] **ਦਾ ਦਰਸ਼ਣ ਪਾਉਂਦਾ ਹੈ**। ਉਹ ਇਹ ਜ਼ੋਰ ਦੇ ਰਿਹਾ ਸੀ ਕਿ ਉਸ ਦੇ ਵਾਕ ਪਰਮੇਸ਼ੁਰ ਦੀ ਵੱਲੋਂ ਆਏ ਸਨ, ਜਿਸ ਨੇ ਆਪਣੇ ਆਪ ਨੂੰ ਫਾਲ ਪਾਉਣ ਵਾਲੇ ਤੇ ਪਰਗਟ ਕੀਤਾ ਸੀ।

ਬਿਲਆਮ ਨੇ ਅੱਗੇ ਕਿਹਾ ਕਿ ਉਹ ਉਹ ਵਿਅਕਤੀ ਸੀ **ਜਿਹੜਾ ਖੁਲ੍ਹੀਆਂ ਅੱਖਾਂ ਨਾਲ ਡਿੱਗ ਪੈਂਦਾ ਹੈ**। ਸ਼ਾਇਦ ਇਹ ਮੋਆਬ ਨੂੰ ਜਾਂਦਿਆਂ ਰਸਤੇ ਵਿਚ ਹੋਏ ਉਸ ਦੇ ਅਨੁਭਵ ਦਾ ਹਵਾਲਾ ਹੈ, ਜਦੋਂ ਉਹ ਡਿੱਗ ਗਿਆ ਸੀ ਜਦੋਂ ਉਸ ਦੀ ਗਧੀ ਰਾਹ ਵਿਚ ਲੇਟ ਗਈ ਸੀ। ਪਰਮੇਸ਼ੁਰ ਦੁਆਰਾ ਉਸ ਦੀਆਂ ਅੱਖਾਂ "ਖੁੱਲ੍ਹਣ" ਨਾਲ, ਉਹ "ਯਹੋਵਾਹ ਦੇ ਦੂਤ" ਨੂੰ ਵੇਖ ਸਕਿਆ ਸੀ (22:31) ਅਤੇ ਸਿਰਫ ਪਰਮੇਸ਼ੁਰ ਦੇ ਵਾਕ ਨੂੰ ਬੋਲਣ ਦੀ ਜਰੂਰਤ ਤੋਂ ਪ੍ਰਭਾਵਿਤ ਹੋਇਆ ਸੀ। ਇਕ ਹੋਰ ਸੰਭਾਵਨਾ ਇਹ ਹੈ ਕਿ "ਡਿੱਗਣਾ" ਅਤੇ "ਉਸ ਦੀਆਂ ਖੁਲ੍ਹੀਆਂ ਅੱਖਾਂ" ਨਬੀ ਦੇ ਅਨੰਦ, ਦਰਸ਼ਣ ਵਾਲੀ ਅਵਸਥਾ ਵਿਚ ਹੋਣ ਦਾ ਵਰਣਨ ਕਰਦਾ ਹੈ।

**ਆਇਤਾਂ 5, 6.** ਉਸ ਨੇ ਵਰਣਨ ਕੀਤਾ ਕਿ **ਇਸਰਾਏਲੀ** ਕਿੰਨੇ **ਚੰਗੇ** ਸੀ, ਅਲੰਕਾਰਾਂ ਦੀ ਵਰਤੋਂ ਕਰਦਿਆਂ ਜੋ ਉਨ੍ਹਾਂ ਦੀ ਸੁੰਦਰਤਾ, ਖੁਸ਼ਹਾਲੀ ਅਤੇ ਫਲਦਾਇਕਤਾ ਤੇ ਬਲ ਦਿੰਦੇ ਸਨ। ਇਹ ਕਥਨ ਸੁਝਾਅ ਦਿੰਦੇ ਸਨ ਕਿ ਪਰਮੇਸ਼ੁਰ ਦੀ ਪਰਜਾ ਸੁੰਦਰ **ਵਾਸ** ਵਿਚ, ਉਪਜਾਊ **ਵਾਦੀ** ਵਿਚ ਅਤੇ ਵਹਿੰਦੀਆਂ ਨਦੀਆਂ ਲਾਗੇ **ਬਾਗ਼ਾਂ** ਵਿਚ ਰਹੇਗੀ। ਉਹ ਉੱਥੇ **ਪਾਣੀ ਦੇ ਕੰਢੇ ਦੇ ਦਿਆਰ ਵਾਂਙੂ** ਪੱਕੇ ਤੌਰ ਤੇ **ਲਾਏ** ਜਾਣਗੇ (ਵੇਖੋ ਜ਼ਬੂਰ 1:3)।

**ਆਇਤ 7.** ਇਸਰਾਏਲ **ਪਾਣੀ** ਦੀ ਭਰਪੂਰੀ ਦਾ ਅਨੰਦ ਮਾਣੇਗਾ; ਇਹ **ਉਸ ਦੇ ਕੁਰਾਲਾਂ ਤੋਂ ਵਗੇਗਾ**। ਇਹ ਚਿੱਤਰ ਸੰਭਵ ਤੌਰ ਤੇ ਇਕ ਅਜਿਹੇ ਵਿਅਕਤੀ ਦਾ ਹੈ ਜਿਸ ਨੇ ਇਕ ਲੱਕੜੀ ਦਾ ਜੂਲਾ ਚੁੱਕਿਆ ਹੋਇਆ ਹੈ ਜੋ ਵੱਡੇ ਭਾਂਡਿਆਂ ਦੇ ਜੋੜੇ ਨਾਲ ਬੱਝਾ ਹੋਇਆ ਹੈ ਜੋ ਫਸਲ ਦੀ ਸਿੰਚਾਈ ਦੇ ਲਈ ਵਰਤਿਆ ਜਾਂਦਾ ਹੈ।[3] **ਉਸ ਦਾ ਬੀ ਬਹੁਤ ਪਾਣੀਆਂ ਵਿੱਚ ਹੋਵੇਗਾ** ਜਾਂ ਤਾਂ ਫਸਲ ਦੀ ਭਰਪੂਰੀ ਜਾਂ ਅਬਾਦੀ ਵਿਚ ਇਕ ਵੱਡੇ ਵਾਧੇ ਦਾ ਹਵਾਲਾ ਦਿੰਦਾ ਹੈ।

ਬਿਲਆਮ ਨੇ ਇਸਰਾਏਲ ਦੇ **ਰਾਜ** ਦੇ ਬਲ ਦਾ ਐਲਾਨ ਕੀਤਾ ਸੀ ਅਤੇ ਇਕ ਦਿਨ ਦੀ ਆਸ ਕੀਤੀ ਸੀ ਜਦੋਂ ਇਸਰਾਏਲ ਦਾ ਇਕ **ਰਾਜਾ** ਹੋਵੇਗਾ। ਇਹ ਰਾਜਾ **ਅਗਾਗ** ਰਾਜਾ ਤੋਂ ਜਿਸ ਨੇ ਸ਼ਾਊਲ ਰਾਜਾ ਦੇ ਸਮੇਂ ਦੌਰਾਨ ਅਮਾਲੇਕੀਆਂ ਤੇ ਰਾਜ ਕੀਤਾ ਸੀ ਵੱਡਾ ਹੋਵੇਗਾ (1 ਸਮੂਏਲ 15:8)। ਅਮਾਲੇਕੀ ਮੂਸਾ ਦੇ ਸਮੇਂ ਵਿਚ ਇਸਰਾਏਲ ਦੇ ਸਭ ਤੋਂ ਵੱਡੇ ਦੁਸ਼ਮਣ ਸਨ, ਪਰ ਕੂਚ ਤੋਂ ਤੁਰੰਤ ਬਾਅਦ ਇਸਰਾਏਲੀਆਂ ਕੋਲੋਂ ਹਾਰ ਗਏ ਸਨ (ਕੂਚ 17:8-16)। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਕਿ "ਅਗਾਗ" ਕਈ ਅਮਾਲੇਕੀ ਹਾਕਮਾਂ ਦਾ ਨਾਮ ਰਿਹਾ ਹੋਵੇਗਾ।[4] 24:20 ਵਿਚ ਬਿਲਆਮ ਅਮਾਲੇਕ ਦੇ ਵਿਰੁੱਧ ਸਿੱਧੇ ਤੌਰ ਤੇ ਬੋਲਿਆ ਸੀ।

**ਆਇਤ 8.** ਬਿਲਆਮ ਨੇ ਨਬੂਵਤ ਕੀਤੀ ਸੀ ਕਿ **ਪਰਮੇਸ਼ੁਰ** ਜਿਸ ਨੇ ਇਸਰਾਏਲੀਆਂ ਨੂੰ **ਮਿਸਰ ਤੋਂ** ਕੱਢ ਕੇ ਲਿਆਂਦਾ ਸੀ ਆਪਣੀ ਪਰਜਾ ਨੂੰ **ਕੌਮਾਂ** ਉੱਤੇ ਜਿੱਤ ਦੇਵੇਗਾ। ਉਸ ਨੇ ਪਰਮੇਸ਼ੁਰ ਦੇ ਵਿਨਾਸ਼ਕਾਰੀ ਬਲ ਦੀ ਤੁਲਨਾ **ਸਾਨ੍ਹ ਦੇ ਬਲ** ਨਾਲ ਕੀਤੀ ਸੀ। ਇਸ ਆਇਤ ਦੀ ਭਾਸ਼ਾ 23:22 ਨੂੰ ਦੁਹਰਾਉਂਦੀ ਹੈ।

**ਆਇਤ 9.** ਬਿਲਆਮ ਨੇ ਇਹ ਕਹਿੰਦੇ ਹੋਏ ਆਪਣੇ ਅਗੰਮ ਵਾਕ ਨੂੰ ਖਤਮ ਕੀਤਾ ਸੀ ਕਿ ਇਸਰਾਏਲ ਇਕ **ਸਿੰਘ** ਵਰਗਾ ਸੀ ਜਿਸ ਦੀ ਸ਼ਕਤੀ ਦੇ ਬਲ ਨੂੰ ਚੁਣੌਤੀ ਨਹੀਂ ਦਿੱਤੀ ਜਾਣੀ ਚਾਹੀਦੀ (ਵੇਖੋ 23:24)। ਉਸ ਨੇ ਪੁੱਛਿਆ, **ਕੌਣ ਉਹ ਨੂੰ ਛੇੜੇਗਾ?** ਪਰਮੇਸ਼ੁਰ ਨੇ ਠਾਣ ਲਿਆ ਸੀ ਕਿ ਜਿਨ੍ਹਾਂ ਨੇ ਇਸਰਾਏਲ ਨੂੰ ਬਰਕਤ ਦਿੱਤੀ [ਸੀ] ਮੁਬਾਰਕ ਹੋਣਗੇ ਅਤੇ ਜਿਨ੍ਹਾਂ ਨੇ

ਇਸਰਾਏਲ ਨੂੰ ਸਰਾਪ ਦਿੱਤਾ [ਸੀ] ਸਰਾਪੀ ਹੋਣਗੇ, ਜਿਹੜਾ ਅਬਰਾਹਾਮ ਨਾਲ ਕੀਤੇ ਗਏ ਉਸ ਦੇ ਵਾਅਦੇ ਨੂੰ ਦੁਹਰਾਉਂਦਾ ਹੈ (ਉਤਪਤ 12:3)।

**ਆਇਤ 10.** ਇਸ ਗੱਲ ਤੇ **ਬਾਲਾਕ ਦਾ ਕ੍ਰੋਧ** ਆਪਣੇ ਸਿਖਰ ਤੇ ਪਹੁੰਚ ਗਿਆ।[5] ਮੂਲ ਲਿਖਤ ਆਖਦੀ ਹੈ ਕਿ ਇਹ **ਬਿਲਆਮ ਦੇ ਵਿਰੁੱਧ ਭੜਕਿਆ ਅਤੇ ਉਸ ਨੇ ਹੱਥ ਉੱਤੇ ਹੱਥ ਮਾਰਿਆ**। ਹੱਥ ਉੱਤੇ ਹੱਥ ਮਾਰਨਾ ਇਕ ਅਜਿਹਾ ਸੰਕੇਤ ਸੀ ਜੋ ਕ੍ਰੋਧ ਨੂੰ ਪਰਗਟ ਕਰਦਾ ਸੀ (ਅੱਯੂਬ 27:23; 34:37; ਵਿਰਲਾਪ 2:15)। ਰਾਜੇ ਨੇ **ਬਿਲਆਮ ਨੂੰ ਆਖਿਆ, ਮੈਂ ਤੈਨੂੰ ਆਪਣੇ ਵੈਰੀਆਂ ਨੂੰ ਬਦ ਦੁਆ ਦੇਣ ਲਈ ਸੱਦਿਆ ਅਤੇ ਵੇਖ, ਤੈਂ ਤਿੰਨ ਵਾਰ ਉਨ੍ਹਾਂ ਨੂੰ ਬਰਕਤਾਂ ਹੀ ਬਰਕਤਾਂ ਦਿੱਤੀਆਂ!** ਨਬੀ ਨੇ ਉਸ ਦੇ ਬਿਲਕੁਲ ਉਲਟ ਕੀਤਾ ਸੀ ਜੋ ਉਸ ਨੂੰ ਕਰਨ ਦੇ ਲਈ ਭਾੜੇ ਤੇ ਲਿਆਂਦਾ ਗਿਆ ਸੀ।

**ਆਇਤ 11.** ਬਾਲਾਕ ਨੇ ਬਿਲਆਮ ਨੂੰ ਉਸ ਦੇ ਆਪਣੇ **ਥਾਂ ਨੱਠ ਜਾਣ** ਦਾ ਹੁਕਮ ਦਿੱਤਾ ਸੀ। ਅਸਲ ਵਿਚ, ਉਹ ਕਹਿ ਰਿਹਾ ਹੋਵੇਗਾ, "ਇਸ ਤੋਂ ਪਹਿਲਾਂ ਕਿ ਮੈਂ ਤੈਨੂੰ ਜਾਨੋਂ ਮਾਰ ਦੇਵਾਂ ਇੱਥੋਂ ਦਫਾ ਹੋ ਜਾਹ!" ਉਸ ਨੇ ਅੰਤ ਵਿਚ ਬਿਲਆਮ ਨੂੰ ਆਖਿਆ, **ਮੈਂ ਤਾਂ ਆਖਿਆ ਸੀ ਕਿ ਮੈਂ ਤੈਨੂੰ ਵੱਡੀ ਪਤ ਦਿਆਂਗਾ ਪਰ ਵੇਖ, ਯਹੋਵਾਹ ਨੇ ਤੈਨੂੰ ਪਤ ਲੈਣ ਤੋਂ ਮਨਾ ਕੀਤਾ।** ਵਿਅੰਗਾਤਮਕ ਰੂਪ ਵਿਚ, ਪਰਮੇਸ਼ੁਰ ਦੇ ਪ੍ਰਤੀ ਨਬੀ ਦੀ ਵਫ਼ਾਦਾਰੀ ਨੇ ਉਸ ਨੂੰ ਉਨ੍ਹਾਂ ਵਿੱਤੀ ਇਨਾਮਾਂ ਨੂੰ ਹਾਸਲ ਕਰਨ ਤੋਂ ਰੋਕਿਆ ਸੀ ਜਿਨ੍ਹਾਂ ਦਾ ਰਾਜੇ ਨੇ ਉਸ ਨੂੰ ਵਾਅਦਾ ਕੀਤਾ ਸੀ।

**ਆਇਤਾਂ 12, 13. ਬਿਲਆਮ** ਨੇ ਉਸੇ ਗੱਲ ਨੂੰ ਦੁਹਰਾਉਣ ਦੁਆਰਾ ਜਵਾਬ ਦਿੱਤਾ ਸੀ ਜੋ ਉਸ ਨੇ ਪਹਿਲਾਂ ਰਾਜੇ ਦੇ **ਹਲਕਾਰਿਆਂ** ਨੂੰ ਆਖੀ ਸੀ: **ਜੇ ਬਾਲਾਕ ਮੈਨੂੰ ਆਪਣੇ ਘਰ ਭਰ ਦੀ ਚਾਂਦੀ ਅਤੇ ਸੋਨਾ ਦੇਵੇ, ਮੈਂ ਯਹੋਵਾਹ ਦੇ ਹੁਕਮ ਦਾ ਉਲੰਘਣ ਨਹੀਂ ਕਰ ਸੱਕਦਾ ਕਿ ਆਪਣੇ ਹੀ ਮਨ ਤੋਂ ਭਲਾ ਯਾ ਬੁਰਾ ਕਰਾਂ? ਜਿਹੜਾ ਵਾਕ ਯਹੋਵਾਹ ਕਹੇ ਮੈਂ ਉਹੀ ਕਹਾਂਗਾ** (ਵੇਖੋ 22:18)।

**ਆਇਤ 14.** ਉਸ ਨੇ ਆਖਿਆ ਕਿ ਉਹ ਆਪਣੇ **ਲੋਕਾਂ** ਕੋਲ ਮੁੜ ਜਾਵੇਗਾ। ਪਰ, ਉਸ ਦੇ ਜਾਣ ਤੋਂ ਪਹਿਲਾਂ - ਜਿਵੇਂ ਕਿ ਜਲੇ ਉੱਤੇ ਨਮਕ ਛਿੜਕਣਾ - ਉਹ ਰਾਜੇ ਨੂੰ ਉਹ ਦੱਸੇਗਾ ਜੋ ਇਸਰਾਏਲੀ **ਆਖਰੀ ਦਿਨਾਂ ਵਿੱਚ** ਮੋਆਬੀਆਂ ਨਾਲ ਕਰਨਗੇ।

## ਚੌਥਾ ਅਗੰਮ ਵਾਕ:
## "ਇੱਕ ਤਾਰਾ ਚੜ੍ਹੇਗਾ" (24:15-19)

**15ਫੇਰ ਉਸ ਆਪਣਾ ਅਗੰਮ ਵਾਕ ਖੋਲ੍ਹ ਕੇ ਆਖਿਆ, ਬਓਰ ਦੇ ਪੁੱਤ੍ਰ ਬਿਲਆਮ ਦਾ ਵਾਕ, ਉਸ ਪੁਰਸ਼ ਦਾ ਵਾਕ ਜਿਹ ਦੀਆਂ ਅੱਖਾਂ ਖੁਲੀਆਂ ਹਨ, 16ਉਸ ਦਾ ਵਾਕ ਜਿਹੜਾ ਪਰਮੇਸ਼ੁਰ ਦੀਆਂ ਬਾਣੀਆਂ ਸੁਣਦਾ ਹੈ, ਅਤੇ ਜਿਹੜਾ ਅੱਤ ਮਹਾਨ ਦਾ ਗਿਆਨ ਜਾਣਦਾ ਹੈ, ਜਿਹੜਾ ਸਰਬ ਸ਼ਕਤੀਮਾਨ ਦਾ ਦਰਸ਼ਣ ਪਾਉਂਦਾ ਹੈ, ਜਿਹੜਾ ਖੁਲ੍ਹੀਆਂ ਅੱਖਾਂ ਨਾਲ ਡਿੱਗ ਪੈਂਦਾ ਹੈ। 17ਮੈਂ ਉਹ ਨੂੰ ਵੇਖਦਾ ਹਾਂ ਪਰ ਹੁਣ ਨਹੀਂ, ਮੈਂ ਉਹ ਨੂੰ ਤੱਕਦਾ ਹਾਂ ਪਰ ਨੇੜਿਓਂ ਨਹੀਂ। ਯਾਕੂਬ ਤੋਂ ਇੱਕ ਤਾਰਾ ਚੜ੍ਹੇਗਾ ਅਤੇ ਇਸਰਾਏਲ ਤੋਂ ਇੱਕ ਆਸਾ ਉੱਠੇਗਾ। ਉਹ ਮੋਆਬ ਦੇ ਮੱਥਿਆਂ ਨੂੰ ਵਿੰਨ੍ਹੇਗਾ, ਅਤੇ ਸਾਰੇ ਫ਼ਸਾਦੀਆਂ ਨੂੰ ਉਧੇੜੇਗਾ। 18ਅਦੋਮ ਉਹ ਦੀ ਮਿਲਖ ਹੋਵੇਗਾ, ਅਤੇ ਸੇਈਰ ਵੀ ਉਹ ਦੀ ਮਿਲਖ ਹੋਵੇਗਾ, ਜਿਹੜੇ ਉਹ ਦੇ ਵੈਰੀ ਹਨ, ਅਤੇ ਇਸਰਾਏਲ ਸੂਰਬੀਰਤਾ ਕਰਦਾ ਜਾਵੇਗਾ। 19ਯਾਕੂਬ ਤੋਂ ਉਹ ਰਾਜ ਕਰੇਗਾ, ਅਤੇ ਸ਼ਹਿਰ ਦੇ ਬਚਿਆਂ ਹੋਇਆਂ ਨੂੰ ਨਾਸ ਕਰੇਗਾ।**

ਬਿਲਆਮ ਦੇ ਚੌਥੇ ਅਗੰਮ ਵਾਕ ਵਿਚ, ਦਰਸ਼ਣਾਂ ਦੀ ਲੜੀ ਇਕ ਰਾਜੇ ਦੇ ਆਉਣ ਦੀ ਨਬੂਵਤ ਨਾਲ ਆਪਣੀ ਚਰਮ ਸੀਮਾ ਤੇ ਪਹੁੰਚੀ ਜਿਹੜਾ ਮੋਆਬੀਆਂ ਨੂੰ ਨਾਸ ਕਰ ਦੇਵੇਗਾ। ਵਿਅੰਗ ਸਪੱਸ਼ਟ ਹੈ: ਉਹ ਜਿਸ ਨੇ ਮੋਆਬ ਦੀ ਖ਼ਾਤਰ ਇਸਰਾਏਲ ਨੂੰ ਸਰਾਪ ਦੇਣਾ ਸੀ ਉਸ ਦੀ ਥਾਂ ਉਸ ਨੇ ਮੋਆਬ ਨੂੰ ਸਰਾਪ ਦਿੱਤਾ।

**ਆਇਤਾਂ 15, 16.** ਬਿਲਆਮ ਦਾ ਚੌਥਾ **ਅਗੰਮ ਵਾਕ** ਬਿਲਕੁਲ ਤੀਜੇ ਅਗੰਮ ਵਾਕ ਦੇ ਵਾਂਗ ਸ਼ੁਰੂ ਹੋਇਆ ਸੀ, ਇਸ ਗੱਲ ਤੇ ਜ਼ੋਰ ਦਿੰਦਿਆਂ ਕਿ ਉਸ ਨੂੰ ਖੁਦ **ਪਰਮੇਸ਼ੁਰ** ਦੀ ਵੱਲੋਂ ਉਸ ਦਾ ਸੰਦੇਸ਼ ਮਿਲਿਆ ਸੀ (ਤੁਲਨਾ ਕਰੋ 24:3, 4 ਅਤੇ 24:15, 16)। ਦੋ ਬੰਦਾਂ ਵਿਚ ਸਿਰਫ ਇਹੋ ਫ਼ਰਕ ਹੈ ਕਿ ਦੂਜੇ ਅਗੰਮ ਵਾਕ ਵਿਚ ਬਿਲਆਮ ਦੇ ਖੁਦ ਦੇ ਵਰਣਨ ਦੇ ਅੱਧ ਵਿਚਾਲੇ **ਅਤੇ ਜਿਹੜਾ ਅੱਤ ਮਹਾਨ ਦਾ ਗਿਆਨ ਜਾਣਦਾ ਹੈ** ਸ਼ਬਦਾਂ ਨੂੰ ਜੋੜਿਆ ਗਿਆ ਹੈ।

**ਆਇਤ 17.** ਫਿਰ ਉਸ ਨੇ ਆਪਣੇ ਸੰਦੇਸ਼ ਦਾ ਮੁੱਖ ਭਾਗ ਸੁਣਾਇਆ, **ਇੱਕ ਤਾਰੇ** ਬਾਰੇ ਬੋਲਦਿਆਂ ਜਿਹੜਾ **ਯਾਕੂਬ ਤੋਂ ਚੜ੍ਹਨ** ਵਾਲਾ ਸੀ ਅਤੇ **ਇੱਕ ਆਸਾ** ਜਿਹੜਾ **ਇਸਰਾਏਲ ਤੋਂ ਉੱਠੇਗਾ ਅਤੇ ... ਮੋਆਬ ਦੇ ਮੱਥਿਆਂ ਨੂੰ ਵਿੰਨ੍ਹੇਗਾ**। ਇਨ੍ਹਾਂ ਸ਼ਬਦਾਂ ਦੇ ਬਾਰੇ ਤਿੰਨ ਤੱਥ ਸਪੱਸ਼ਟ ਹਨ: (1) ਉਹ ਭਵਿੱਖ ਵਿਚ ਇਕ ਸਮੇਂ ਦੀ ਗੱਲ ਕਰਦੇ ਸਨ (ਘਟਨਾ ਜਿਸ ਦੀ ਨਬੂਵਤ ਕੀਤੀ ਗਈ ਸੀ **ਹੁਣ ਨਹੀਂ** ਅਤੇ **ਨੇੜਿਓਂ ਨਹੀਂ** ਸੀ)। (2) ਉਨ੍ਹਾਂ ਨੇ ਇਕ ਰਾਜਾ ਦੇ ਆਉਣ ਦੀ ਭਵਿੱਖਬਾਣੀ ਕੀਤੀ ਸੀ। ਤੀਜੀ ਪੰਗਤੀ ਵਾਲਾ "ਤਾਰਾ" ਚੌਥੀ ਪੰਗਤੀ ਦੇ "ਆਸਾ" ਦੇ ਸਮਾਨਾਂਤਰ ਹੈ ਅਤੇ ਇਹ ਸ਼ਬਦ ਇਕ ਰਾਜਾ ਦੇ ਰਾਜ ਦੇ ਪ੍ਰਤੀਕ ਹਨ (ਵੇਖੋ ਉਤਪਤ 49:10; ਯਸਾਯਾਹ 14:12)।[6] (3) ਆਉਣ ਵਾਲਾ ਰਾਜਾ "ਮੋਆਬ" ਤੇ ਜਿੱਤ ਪਾਵੇਗਾ। **ਫ਼ਸਾਦੀਆਂ** ਮੋਆਬ ਦੇ ਸਮਾਨਾਂਤਰ ਹੈ ਅਤੇ ਇਸ ਲਈ ਸ਼ਾਇਦ ਕਿਸੇ ਤਰੀਕੇ ਨਾਲ ਮੋਆਬ ਦੇ ਇਲਾਕੇ ਦਾ ਹਵਾਲਾ ਦਿੰਦਾ ਹੈ।

**ਆਇਤਾਂ 18, 19.** ਇਹ ਆਇਤਾਂ ਅੱਗੇ ਇਹ ਕਹਿੰਦੀਆਂ ਹਨ ਕਿ ਇਹ ਆਉਣ ਵਾਲਾ ਰਾਜਾ **ਅਦੋਮ** ਉੱਤੇ ਵੀ ਜਿੱਤ ਪਾਵੇਗਾ। **ਯਾਕੂਬ ਤੋਂ ਉਹ** (ਸੰਭਵ ਤੌਰ ਤੇ ਆਉਣ ਵਾਲਾ ਰਾਜਾ) **ਸ਼ਹਿਰ ਦੇ ਬਚਿਆਂ ਹੋਇਆਂ ਨੂੰ ਨਾਸ ਕਰੇਗਾ**, ਸ਼ਾਇਦ "ਮੋਆਬ ਦੇ ਸ਼ਹਿਰ" ਦਾ ਇਕ ਹਵਾਲਾ ਹੈ ਜਿੱਥੇ ਬਿਲਆਮ ਪਹਿਲੀ ਵਾਰ ਬਾਲਾਕ ਨੂੰ ਮਿਲਿਆ ਸੀ (22:36)। ਪਹਿਲਾਂ, ਜਦੋਂ ਇਸਰਾਏਲ ਅਦੋਮ ਅਤੇ ਮੋਆਬ ਦੇ ਆਲੇ-ਦੁਆਲਿਓਂ ਗਿਆ ਸੀ, ਉਨ੍ਹਾਂ ਨੂੰ ਲੋਕਾਂ ਤੇ ਹਮਲਾ ਨਾ ਕਰਨ ਦੀ ਹਦਾਇਤ ਦਿੱਤੀ ਗਈ ਸੀ (ਬਿਵਸਥਾ ਸਾਰ 2:1-9)।

ਰਾਜੇ ਬਾਰੇ ਨਬੂਵਤ ਜਿਹੜਾ ਇਸਰਾਏਲ ਵਿਚ ਉੱਠੇਗਾ ਪਹਿਲਾਂ ਇਸਰਾਏਲ ਦੇ ਸਭ ਤੋਂ ਮਹਾਨ ਰਾਜਾ ਦਾਊਦ ਵਿਚ ਪੂਰੀ ਹੋਈ ਸੀ, ਜਿਸ ਨੇ ਮੋਆਬੀਆਂ ਅਤੇ ਅਦੋਮੀਆਂ ਦੋਵਾਂ ਤੇ ਜਿੱਤ ਪ੍ਰਾਪਤ ਕੀਤੀ ਸੀ (2 ਸਮੂਏਲ 8:2, 14)। ਪਰ, ਯਹੂਦੀ ਵਿਆਖਿਆਕਾਰਾਂ ਨੇ ਇਸ ਨਬੂਵਤ ਵਿਚ ਮਸੀਹਾ ਦੇ ਆਉਣ ਦੀ ਨਬੂਵਤ ਵੇਖੀ ਸੀ। ਮਸੀਹੀ ਲੋਕਾਂ ਨੇ ਯਿਸੂ ਮਸੀਹ ਅਰਥਾਤ "ਦਾਊਦ ਦੀ ਅੰਸ, ਉੱਜਲ ਤਾਰੇ" (ਪਰਕਾਸ਼ ਦੀ ਪੋਥੀ 22:16) ਵਿਚ ਇਸ ਦੇ ਆਖ਼ਰੀ ਪੂਰੇ ਹੋਣ ਨੂੰ ਵੇਖਣਾ ਜਾਰੀ ਰੱਖਿਆ ਹੈ, ਜਿਸ ਦੇ ਜਨਮ ਦਾ ਐਲਾਨ ਇਕ ਤਾਰੇ ਦੁਆਰਾ ਕੀਤਾ ਗਿਆ ਸੀ (ਮੱਤੀ 2:2)।[7] ਮਸੀਹ ਰਾਜਾ ਹੈ ਜਿਹੜੇ ਆਪਣੇ ਰਾਜ ਉੱਤੇ ਰਾਜ ਕਰਦਾ ਹੈ ਅਤੇ ਜਿਸ ਦੇ ਅੱਗੇ ਆਖ਼ਰਕਾਰ "ਹਰ ਗੋਡਾ ਨਿਵਾਇਆ ਜਾਵੇਗਾ" (ਫ਼ਿਲਿੱਪੀਆਂ 2:10)।

ਇਹ ਨਬੂਵਤਾਂ ਇਸਰਾਏਲ ਨਾਲ ਕੀਤੇ ਗਏ ਪਰਮੇਸ਼ੁਰ ਦੇ ਵਾਅਦਿਆਂ ਦੇ ਨਾਲ ਤੁਲਨਾਯੋਗ ਹਨ। ਕੋਈ ਵੀ ਵਿਅਕਤੀ ਇਹ ਕਹਿਣ ਵਿਚ ਸਹੀ ਠਹਿਰ ਸਕਦਾ ਹੈ ਕਿ ਇਹ ਵਾਅਦਾ ਕਿ ਅਬਰਾਹਾਮ ਵਿਚ "ਸਰਿਸ਼ਟੀ ਦੇ ਸਾਰੇ ਘਰਾਣੇ" ਮੁਬਾਰਕ ਹੋਣਗੇ (ਉਤਪਤ 12:3) ਯਾਕੂਬ ਤੋਂ ਆਉਣ ਵਾਲੇ ਇਕ ਤਾਰੇ ਦੇ ਇਸ ਵਾਅਦੇ ਵਿਚ ਨਵਾਂ ਕੀਤਾ ਗਿਆ ਸੀ

(ਗਿਣਤੀ 24:17)। ਸਮੁੱਚੇ ਤੌਰ ਤੇ ਲਿਆ ਜਾਵੇ, ਤਾਂ ਬਿਲਆਮ ਦੁਆਰਾ ਇਸਰਾਏਲ ਉੱਤੇ ਐਲਾਨ ਕੀਤੀਆਂ ਗਈਆਂ ਬਰਕਤਾਂ ਨੇ ਉਨ੍ਹਾਂ ਬਹੁਤ ਸਾਰੀਆਂ ਬਰਕਤਾਂ ਨੂੰ ਮੁੜ ਤੋਂ ਨਵਾਂ ਕਰ ਦਿੱਤਾ ਅਤੇ ਉਨ੍ਹਾਂ ਤੇ ਮੁੜ ਤੋਂ ਜ਼ੋਰ ਦਿੱਤਾ ਜਿਨ੍ਹਾਂ ਦਾ ਐਲਾਨ ਪਰਮੇਸ਼ੁਰ ਨੇ ਪਹਿਲਾਂ ਕਈ ਮੌਕਿਆਂ ਤੇ ਇਸਰਾਏਲ ਉੱਤੇ ਕੀਤਾ ਸੀ (ਵੇਖੋ *ਵਾਧੂ ਅਧਿਐਨ: ਗਿਣਤੀ 23 ਅਤੇ 24 ਵਿਚ ਬਿਲਆਮ ਦੀਆਂ ਨਬੂਵਤਾਂ ਵਿਚ ਪਰਮੇਸ਼ੁਰ ਦੇ ਵਾਅਦਿਆਂ ਨੂੰ ਨਵਾਂ ਕੀਤਾ ਗਿਆ*, ਸਫ਼ਾ 157)। ਇਸ ਲਈ, ਉਨ੍ਹਾਂ ਨੇ ਇਸਰਾਏਲ ਨੂੰ ਵੱਡੀ ਪ੍ਰੇਰਣਾ ਦਿੱਤੀ ਹੋਵੇਗੀ ਜਦੋਂ ਕੌਮ ਨੇ - ਅਖ਼ੀਰ ਵਿਚ - ਵਾਅਦੇ ਦੀ ਧਰਤੀ ਵਿਚ ਦਾਖਲ ਹੋਣ ਦੀ ਤਿਆਰੀ ਕੀਤੀ ਸੀ।

## ਦੂਜੀਆਂ ਕੌਮਾਂ ਦੇ ਲਈ ਬਿਲਆਮ ਦੀਆਂ ਤਿੰਨ ਨਬੂਵਤਾਂ (24:20-24)

**20ਫੇਰ ਉਸ ਨੇ ਅਮਾਲੇਕ ਨੂੰ ਡਿੱਠਾ ਅਤੇ ਆਪਣਾ ਅਗੰਮ ਵਾਕ ਖੋਲ੍ਹ ਕੇ ਆਖਿਆ, ਅਮਾਲੇਕ ਕੌਮਾਂ ਵਿੱਚ ਪਹਿਲੀ ਸੀ, ਪਰ ਉਸ ਦਾ ਅੰਤ ਤਾਂ ਨਸ਼ਟ ਹੋਣਾ ਹੈ। 21ਫੇਰ ਉਸ ਨੇ ਕੇਨੀਆਂ ਨੂੰ ਡਿੱਠਾ ਅਤੇ ਆਪਣਾ ਅਗੰਮ ਵਾਕ ਖੋਲ੍ਹ ਕੇ ਆਖਿਆ, ਤੇਰਾ ਵਸੇਬਾ ਅਸਥਿਰ ਤਾਂ ਹੈ, ਅਤੇ ਤੇਰਾ ਆਹਲਣਾ ਚਟਾਨ ਵਿੱਚ ਤਾਂ ਹੈ, 22ਤਾਂ ਵੀ ਕਾਇਨ ਉਜਾੜ ਦਿੱਤਾ ਜਾਵੇਗਾ, ਜਦ ਤੀਕ ਅੱਸ਼ੂਰ ਤੈਨੂੰ ਬੰਨ੍ਹ ਕੇ ਨਾ ਲੈ ਜਾਵੇ। 23ਉਸ ਨੇ ਫੇਰ ਆਪਣਾ ਅਗੰਮ ਵਾਕ ਖੋਲ੍ਹ ਕੇ ਆਖਿਆ, ਹਾਏ! ਪਰਮੇਸ਼ੁਰ ਦੀ ਕਰਨੀ ਤੋਂ ਬਿਨਾ ਕੌਣ ਜੀਉਂਦਾ ਰਹੇਗਾ? 24ਕਿੱਤੀਮ ਦੇ ਕੰਢਿਆਂ ਤੋਂ ਬੇੜੇ ਆਉਣਗੇ, ਅਤੇ ਅੱਸ਼ੂਰ ਨੂੰ ਦੁਖ ਦੇਣਗੇ ਅਤੇ ਏਬਰ ਨੂੰ ਦੁਖ ਦੇਣਗੇ, ਪਰ ਉਹ ਵੀ ਨਸ਼ਟ ਹੋ ਜਾਵੇਗਾ।**

**ਆਇਤ 20.** ਬਿਲਆਮ ਦਾ ਸਮੁੱਚਾ ਸੰਦੇਸ਼ ਤਿੰਨ-ਸੰਖੇਪ ਅਗੰਮ ਵਾਕਾਂ ਨਾਲ ਖਤਮ ਹੁੰਦਾ ਹੈ ਜਿਨ੍ਹਾਂ ਵਿਚ ਉਹ ਵੱਖ-ਵੱਖ ਹੋਰ ਕੌਮਾਂ ਦੇ ਨਾਸ ਦੀ ਨਬੂਵਤ ਕਰ ਰਿਹਾ ਹੈ। ਪਹਿਲੀ ਕੌਮ **ਅਮਾਲੇਕ** ਸੀ ਜਿਹੜੀ, ਹਾਲਾਂਕਿ **ਕੌਮਾਂ ਵਿੱਚ ਪਹਿਲੀ** ਸੀ, **ਨਸ਼ਟ** ਹੋਵੇਗੀ। ਸ਼ਾਇਦ, ਅਮਾਲੇਕੀ ਸਿਰਫ ਉਨ੍ਹਾਂ ਦੇ ਆਪਣੇ ਮਨਾਂ ਵਿਚ "ਕੌਮਾਂ ਵਿੱਚ ਪਹਿਲੀ" ਸਨ। ਅਮਾਲੇਕੀ ਹਮੇਸ਼ਾ ਇਸਰਾਏਲ ਦੇ "ਕੱਟੜ ਦੁਸ਼ਮਣ" ਸਨ।[8] ਉਹ ਇਸਰਾਏਲੀਆਂ ਦੇ ਮਿਸਰ ਤੋਂ ਛੁਡਾਏ ਜਾਣ ਤੋਂ ਬਾਅਦ ਉਜਾੜ ਵਿਚ ਇਸਰਾਏਲੀਆਂ ਦੇ ਵਿਰੁੱਧ ਲੜੇ ਸਨ (ਕੂਚ 17:8-16; ਵੇਖੋ ਗਿਣਤੀ 14:43-45; ਨਿਆਈਆਂ 6:3, 33)। ਬਾਅਦ ਵਿਚ, ਸ਼ਾਊਲ ਨੂੰ ਅਮਾਲੇਕੀਆਂ ਨੂੰ ਤਬਾਹ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ (1 ਸਮੂਏਲ 15)। ਦਾਊਦ ਨੇ ਵੀ ਉਨ੍ਹਾਂ ਨੂੰ ਹਰਾਇਆ ਸੀ (1 ਸਮੂਏਲ 30:17) ਅਤੇ ਅੰਤ ਵਿਚ ਉਹ ਹਿਜ਼ਕੀਯਾਹ ਦੇ ਸਮੇਂ ਵਿਚ ਨਾਸ ਕੀਤੇ ਗਏ ਸਨ (1 ਇਤਹਾਸ 4:43)।

**ਆਇਤਾਂ 21, 22.** ਦੂਜਾ ਵਾਧੂ ਅਗੰਮ ਵਾਕ **ਕੇਨੀ** [ਆਂ] ਦੇ ਵਿਰੁੱਧ ਸੀ, ਜਿਸ ਦਾ **ਵਸੇਬਾ ਚਟਾਨ ਵਿੱਚ** ਸੀ। ਉਹ ਭਸਮ ਕੀਤੇ ਜਾਣਗੇ। ਇਹ ਨਬੂਵਤ ਮੁਸ਼ਕਲ ਹੈ ਕਿਉਂਕਿ ਉਜਾੜ ਯੁੱਗ ਦੌਰਾਨ, ਕੇਨੀਆਂ ਦੀ ਇਸਰਾਏਲੀਆਂ ਨਾਲ ਚੰਗੀ ਬਣਦੀ ਸੀ। ਨਿਆਈਆਂ 1:16; 4:11 ਅਨੁਸਾਰ, ਮੂਸਾ ਦਾ ਸਾਲਾ ਹੋਬਾਬ ਕੇਨੀ ਸੀ। ਸੰਦੇਸ਼ ਭਵਿੱਖ ਦੇ ਸਮੇਂ ਵੱਲ ਵੇਖਣ ਦਾ ਸੀ ਜਦੋਂ ਕੇਨੀ, ਅਮਾਲੇਕੀਆਂ ਦੇ ਵਾਂਗ, ਇਸਰਾਏਲ ਦੇ ਦੁਸ਼ਮਣ ਹੋਣਗੇ। ਫਿਰ **ਅੱਸ਼ੂਰ** [ਉਨ੍ਹਾਂ ਨੂੰ] **ਬੰਨ੍ਹ ਕੇ ਲੈ ਜਾਵੇਗਾ**। "ਅੱਸ਼ੂਰ" ਨੂੰ ਆਮ ਤੌਰ ਤੇ ਅੱਸੂਰ ਸਮਝਿਆ ਜਾਂਦਾ ਹੈ। ਪਰ, ਇੱਥੇ ਇਹ ਸ਼ਬਦ "ਇਕ ਛੋਟੇ ਗੋਤ ਦਾ ਹਵਾਲਾ ਦੇ ਸਕਦਾ ਹੈ ਜਿਹੜਾ ਉੱਤਰੀ ਸੀਨਈ ਵਿਚ ਰਹਿੰਦਾ ਸੀ, ਜਿਸ ਦਾ ਪੁਰਾਣੇ ਨੇਮ ਵਿਚ ਕਈ ਥਾਵਾਂ ਤੇ ਜ਼ਿਕਰ ਕੀਤਾ ਗਿਆ ਹੈ (ਉਤਪਤ 25:3, 18;

2 ਸਮੂਏਲ 2:9; ਜ਼ਬੂਰ 83:8)।" ਇਸ ਲਈ, ਕੇਨੀ "ਉਨ੍ਹਾਂ ਦੇ ਗੁਆਂਢੀਆਂ, ਅੱਸ਼ੂਰ ਦੇ ਗੋਤ ਦੁਆਰਾ ਹਾਰ ਜਾਣਗੇ।"[9]

**ਆਇਤਾਂ 23, 24.** ਤੀਜਾ ਸੰਖੇਪ ਅਗੰਮ ਵਾਕ ਇਹ ਹੈ ਕਿ **ਕਿੱਤੀਮ** [ਸ਼ਾਇਦ ਯੂਨਾਨ ਜਾਂ ਕੁਪਰੁਸ] **ਦੇ ਕੱਢਿਆਂ ਤੋਂ ਬੇੜੇ ਆਉਣਗੇ ... ਅੱਸ਼ੂਰ ਨੂੰ ... ਅਤੇ ਏਬਰ ਨੂੰ ਦੁਖ ਦੇਣਗੇ**, ਪਰ ਫਿਰ **ਉਹ** [ਬੇੜੇ; ਵੇਖੋ NIV] **ਵੀ ਨਸ਼ਟ ਹੋ** ਜਾਣਗੇ। ਜੇਕਰ "ਅੱਸ਼ੂਰ" ਅਤੇ "ਏਬਰ" ਦਾ ਅਰਥ ਅੱਸ਼ੂਰ ਅਤੇ ਮਸੋਪੋਤਾਮੀਆ ਹੈ, ਤਾਂ "ਕਿੱਤੀਮ ... ਤੋਂ ਬੇੜੇ" ਮਹਾਨ ਸਿਕੰਦਰ ਜਾਂ ਰੋਮੀਆਂ ਦੀਆਂ ਜਿੱਤਾਂ ਵੱਲ ਸੰਕੇਤ ਕਰ ਸਕਦੇ ਹਨ। ਦੂਜੇ ਪਾਸੇ, ਜੇਕਰ "ਅੱਸ਼ੂਰ" ਇਕ ਛੋਟੇ ਗੋਤ ਦਾ ਹਵਾਲਾ ਦਿੰਦਾ ਹੈ, ਜਿਵੇਂ ਕਿ ਪਿਛਲੀ ਨਬੂਵਤ ਵਿਚ ਸੀ ਅਤੇ "ਏਬਰ" ਇਕ ਗੁਆਂਢੀ ਗੋਤ ਸੀ, "ਕਿੱਤੀਮ ... ਤੋਂ ਬੇੜੇ" "ਸਮੁੰਦਰੀ ਲੋਕਾਂ" ਦੀ ਲਹਿਰ ਦਾ ਹਵਾਲਾ ਦੇ ਸਕਦੇ ਹਨ ਜਿਨ੍ਹਾਂ ਨੇ ਬਾਰ੍ਹਵੀਂ ਸਦੀ ਈਸਵੀ ਵਿਚ ਕਨਾਨ ਤੇ ਹਮਲਾ ਕੀਤਾ ਸੀ। ਉਨ੍ਹਾਂ "ਸਮੁੰਦਰੀ ਲੋਕਾਂ" ਵਿਚ ਫਲਿਸਤੀਨੀ ਸਨ, ਜਿਹੜੇ ਆਖ਼ਰਕਾਰ ਦਾਊਦ ਰਾਜਾ ਕੋਲੋਂ ਹਾਰ ਗਏ ਸਨ।[10]

ਪੁਰਾਣੇ ਨੇਮ ਵਿਚ ਕਈ ਨਬੂਵਤੀ ਪੁਸਤਕਾਂ ਓਪਰੀਆਂ ਕੌਮਾਂ ਵਿਰੁੱਧ ਅਗੰਮ ਵਾਕਾਂ ਨੂੰ ਵੀ ਸ਼ਾਮਲ ਕਰਦੀਆਂ ਹਨ ਅਤੇ ਉਨ੍ਹਾਂ ਅਗੰਮ ਵਾਕਾਂ ਦਾ ਉਦੇਸ਼ ਪਰਮੇਸ਼ੁਰ ਦੇ ਲੋਕਾਂ ਦੇ ਲਈ ਪ੍ਰੇਰਣਾ ਸੀ। ਉਸੇ ਤਰ੍ਹਾਂ, ਪਰਮੇਸ਼ੁਰ ਦਾ ਉਦੇਸ਼ ਸ਼ਾਇਦ ਇਨ੍ਹਾਂ ਅਗੰਮ ਵਾਕਾਂ ਦੇ ਰਾਹੀ ਇਸਰਾਏਲ ਦੇ ਮਨੋਬਲ ਨੂੰ ਮਜ਼ਬੂਤ ਕਰਨਾ ਸੀ। ਇਨ੍ਹਾਂ ਤਿੰਨ ਨਬੂਵਤਾਂ ਦੀ, ਨਾਲੇ ਉਸ "ਤਾਰੇ" ਬਾਰੇ ਨਬੂਵਤ ਦੀ ਜਿਹੜਾ ਚੜ੍ਹਨ ਵਾਲਾ ਸੀ, ਸ਼ੁਰੂਆਤੀ ਰਾਜਤੰਤਰ - ਖਾਸਕਰ ਦਾਊਦ ਦੇ ਰਾਜ - ਦੇ ਦਿਨਾਂ ਦਾ ਹਵਾਲਾ ਦੇਣ ਦੇ ਲਈ ਵਿਆਖਿਆ ਕੀਤੀ ਜਾ ਸਕਦੀ ਹੈ ਜਦੋਂ ਇਸਰਾਏਲ ਨੇ ਮੋਆਬੀਆਂ, ਅਦੋਮੀਆਂ, ਅਮਾਲੇਕੀਆਂ ਅਤੇ ਫਲਿਸਤੀਆਂ ਨੂੰ ਹਰਾਇਆ (2 ਸਮੂਏਲ 8:1-14)। ਜੇਕਰ ਇਹ ਵਿਆਖਿਆ ਸਹੀ ਹੈ, ਤਾਂ ਬਿਲਆਮ, ਪਰਮੇਸ਼ੁਰ ਦੇ ਲਈ ਬੋਲਦਿਆਂ, ਇਹ ਐਲਾਨ ਕਰ ਰਿਹਾ ਸੀ ਕਿ ਭਵਿੱਖ ਵਿਚ, ਜਦੋਂ ਵਾਅਦਾ ਕੀਤਾ ਹੋਇਆ ਰਾਜਾ ਆਵੇਗਾ, ਇਸਰਾਏਲ ਆਪਣੇ ਦੁਸ਼ਮਣਾਂ ਨੂੰ ਹਰਾ ਦੇਵੇਗਾ।

## ਸਿੱਟਾ (24:25)

**25ਤਾਂ ਬਿਲਆਮ ਉੱਠ ਕੇ ਚੱਲਾ ਗਿਆ ਅਤੇ ਆਪਣੇ ਅਸਥਾਨ ਨੂੰ ਮੁੜ ਆਇਆ ਅਤੇ ਬਾਲਾਕ ਵੀ ਆਪਣੇ ਰਾਹ ਪਿਆ।**

**ਆਇਤ 25.** ਭਾੜੇ ਤੇ ਲਿਆਂਦੇ ਗਏ ਨਬੀ ਦੀ ਕਹਾਣੀ ਉਸੇ ਤਰ੍ਹਾਂ ਖਤਮ ਹੁੰਦੀ ਹੈ ਜਿਵੇਂ ਇਹ ਸ਼ੁਰੂ ਹੋਈ ਸੀ, ਇਕ ਥਾਂ ਦੇ ਹਵਾਲੇ ਨਾਲ (22:5)। ਕਿਉਂਕਿ **ਬਿਲਆਮ** ਕੁਝ ਸਮੇਂ ਬਾਅਦ ਮੋਆਬ ਵਿਚ ਸੀ (ਅਧਿਆਇ 31), ਸ਼ਾਇਦ **ਆਪਣੇ ਅਸਥਾਨ** ਉਸ ਥਾਂ ਦਾ ਹਵਾਲਾ ਦਿੰਦਾ ਹੈ ਜਿੱਥੇ ਬਿਲਆਮ ਮੋਆਬ ਵਿਚ ਠਹਿਰਿਆ ਹੋਇਆ ਸੀ। ਲੇਖਕ ਨੇ ਬਿਲਆਮ ਦੇ ਆਖ਼ਰੀ ਚਾਰ ਅਗੰਮ ਵਾਕਾਂ ਦੇ ਪ੍ਰਤੀ ਬਾਲਾਕ ਦੀ ਪ੍ਰਤੀਕਿਰਿਆ ਬਾਰੇ ਕੁਝ ਨਹੀਂ ਲਿਖਿਆ ਹੈ (24:15-24); ਬਾਲਾਕ ਨੇ ਸ਼ਾਇਦ ਉਹ ਸਭ ਕਹਿ ਦਿੱਤਾ ਹੋਵੇਗਾ ਜੋ ਉਹ ਮਸੋਪੋਤਾਮੀਆ ਤੋਂ ਆਏ ਫਾਲ ਪਾਉਣ ਵਾਲੇ ਨੂੰ ਕਹਿਣਾ ਚਾਹੁੰਦਾ ਸੀ ਜਿਸ ਨੇ ਉਸ ਨੂੰ ਬਹੁਤ ਜ਼ਿਆਦਾ ਨਿਰਾਸ਼ ਅਤੇ ਕ੍ਰੋਧਿਤ ਕੀਤਾ ਸੀ। ਬਿਲਆਮ ਅਤੇ ਬਾਲਾਕ ਦੀ ਕਹਾਣੀ ਬਾਰੇ ਹੋਰ ਜ਼ਿਆਦਾ ਅਧਿਆਇ 31 ਵਿਚ ਦੱਸਿਆ ਗਿਆ ਹੈ।

# ਪ੍ਰਾਸੰਗਿਕਤਾ

**"ਟੇਢਾ ਮਨੁੱਖ" (ਅਧਿਆਇ 22-24; 31)**

ਬੱਚਿਆਂ ਦੀ ਇਕ ਕਵਿਤਾ ਕਹਿੰਦੀ ਹੈ,

> ਇਕ ਟੇਢਾ ਮਨੁੱਖ ਸੀ ਅਤੇ ਉਹ ਇਕ ਟੇਢੇ ਮੀਲ ਤੇ ਗਿਆ,
> ਉਸ ਨੂੰ ਇਕ ਟੇਢੀ ਵਾੜ ਦੇ ਸਾਹਮਣੇ ਇਕ ਪੈਨੀ ਦਾ ਇਕ ਟੇਢਾ ਸਿੱਕਾ ਲੱਭਾ;
> ਉਸ ਨੇ ਇਕ ਟੇਢੀ ਬਿੱਲੀ ਖਰੀਦੀ,
> ਜਿਸ ਨੇ ਇਕ ਟੇਢਾ ਚੂਹਾ ਫੜਿਆ,
> ਅਤੇ ਉਹ ਇਕ ਛੋਟੇ ਜਿਹੇ ਟੇਢੇ ਘਰ ਵਿਚ ਇਕੱਠੇ ਰਹਿਣ ਲੱਗੇ।[11]

ਜਦੋਂ ਮੈਂ ਗਿਣਤੀ 22-24 ਵਿਚ ਬਿਲਆਮ ਦੀ ਕਹਾਣੀ ਪੜ੍ਹਦਾ ਹਾਂ, ਮੈਨੂੰ ਉਸ ਛੋਟੀ ਜਿਹੀ ਕਵਿਤਾ ਚੇਤੇ ਆ ਜਾਂਦੀ ਹੈ ਕਿਉਂਕਿ ਕਹਾਣੀ ਵਿਚ ਕੁਝ ਹੱਦ ਤੱਕ ਬਹੁਤ ਕੁਝ "ਟੇਢਾ" ਹੈ।

ਕਹਾਣੀ ਦੋ ਵਿਰੋਧੀਆਂ ਦੇ ਬਾਰੇ ਹੈ। ਇਕ ਪਾਸੇ ਰਾਜਾ ਬਾਲਾਕ ਅਤੇ ਮੋਆਬੀ ਸਨ। ਬਾਲਾਕ ਕੋਲ ਇਸਰਾਏਲ ਦੇ ਲਈ ਇਕ ਯੋਜਨਾ ਸੀ: ਉਹ ਇਸਰਾਏਲ ਨੂੰ ਬਦ ਦੁਆ ਦੇਣਾ ਚਾਹੁੰਦਾ ਸੀ ਤਾਂ ਕਿ ਉਹ ਉਨ੍ਹਾਂ ਨੂੰ ਹਰਾ ਸਕਦਾ। ਦੂਜੇ ਪਾਸੇ ਇਸਰਾਏਲ ਸੀ, ਨਾਲੇ ਪਰਮੇਸ਼ੁਰ। ਪਰਮੇਸ਼ੁਰ ਕੋਲ ਵੀ ਇਸਰਾਏਲ ਦੇ ਲਈ ਇਕ ਯੋਜਨਾ ਸੀ: ਉਸ ਦੀ ਯੋਜਨਾ ਉਨ੍ਹਾਂ ਨੂੰ ਬਰਕਤ ਦੇਣ ਦੀ ਸੀ। ਇਹ ਵਿਰੋਧੀ ਕਾਫੀ "ਸਿੱਧੇ" ਸਨ - ਅਰਥਾਤ, ਉਹ ਉਹੀ ਸਨ ਜੋ ਅਸੀਂ ਉਨ੍ਹਾਂ ਦੇ ਹੋਣ ਦੀ ਉਮੀਦ ਕਰ ਸਕਦੇ ਹਾਂ ਅਤੇ ਉਨ੍ਹਾਂ ਨੇ ਉਹੀ ਕੀਤਾ ਜੋ ਅਸੀਂ ਉਨ੍ਹਾਂ ਕੋਲੋਂ ਕਰਨ ਦੀ ਉਮੀਦ ਕਰ ਸਕਦੇ ਹਾਂ।

ਪਰ, ਬਿਲਆਮ ਬਾਰੇ ਇਹ ਗੱਲ ਨਹੀਂ ਆਖੀ ਜਾ ਸਕਦੀ, ਜਿਹੜਾ, ਇਕ ਭਾਵ ਵਿਚ, ਇਨ੍ਹਾਂ ਦੋ ਵਿਰੋਧੀਆਂ ਦੇ ਵਿਚਕਾਰ ਖੜ੍ਹਾ ਹੋਇਆ। ਬਿਲਆਮ ਬਾਰੇ ਹਰੇਕ ਗੱਲ "ਟੇਢੀ" ਸੀ - ਅਰਥਾਤ, ਇਸ ਤਰ੍ਹਾਂ ਦੀ ਨਹੀਂ ਸੀ ਜਿਸ ਤਰ੍ਹਾਂ ਦੀ ਪ੍ਰਤੀਤ ਹੁੰਦੀ ਸੀ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਬਿਲਆਮ ਆਪਣੀ ਸੋਚ ਵਿਚ ਅੱਗੇ-ਪਿੱਛੇ ਜਾਂਦਾ ਸੀ। ਸਾਹਿਤਕ ਸ਼ਬਦਾਂ ਵਿਚ, ਕਹਾਣੀ ਵਿਚ ਜੋ ਕੁਝ ਵੀ ਹੋਇਆ ਲਗਭਗ ਵਿਅੰਗਮਈ ਹੈ। ਇਸ ਨੂੰ ਹੋਰ ਤਰੀਕੇ ਨਾਲ ਕਿਹਾ ਜਾਵੇ ਤਾਂ ਇਹ ਕਹਾਣੀ ਹੈਰਾਨ ਕਰਨ ਵਾਲੀਆਂ ਗੱਲਾਂ ਨਾਲ ਭਰੀ ਪਈ ਹੈ।

*ਬਿਲਆਮ ਉਹ ਨਹੀਂ ਸੀ ਜੋ ਉਹ ਪ੍ਰਤੀਤ ਹੁੰਦਾ ਸੀ।* ਉਜਾੜ ਵਿਚ ਲਗਭਗ ਚਾਲੀ ਸਾਲ ਬਾਅਦ, ਇਸਰਾਏਲੀਆਂ ਨੇ ਯਰਦਨ ਦੇ ਪਾਰ ਕਨਾਨ ਦੇ ਜ਼ਿਆਦਾਤਰ ਚੜ੍ਹਦੇ ਪਾਸੇ ਵਾਲੇ ਇਲਾਕੇ ਨੂੰ ਜਿੱਤ ਲਿਆ ਸੀ। ਉਨ੍ਹਾਂ ਨੇ "ਮੋਆਬ ਦੇ ਮਦਾਨ" ਵਿੱਚ ਡੇਰੇ ਲਾਏ ਸਨ (22:1), ਜਿੱਥੇ ਕੁਝ ਮੋਆਬੀ ਅਤੇ ਮਿਦਯਾਨੀ ਰਹਿੰਦੇ ਸਨ। ਬਾਲਾਕ ਨੇ ਇਸਰਾਏਲ ਨੂੰ ਮੋਆਬ ਦੇ ਲਈ ਇਕ ਖ਼ਤਰੇ ਦੇ ਰੂਪ ਵਿਚ ਵੇਖਿਆ ਸੀ ਅਤੇ ਬਿਲਆਮ ਨੂੰ ਜੋ ਕਿ ਇਕ ਪ੍ਰਸਿੱਧ ਫਾਲ ਪਾਉਣ ਵਾਲਾ ਸੀ ਮਸੋਪੋਤਾਮੀਆ ਤੋਂ ਆ ਕੇ ਉਸ ਦੇ ਲਈ ਇਸਰਾਏਲ ਨੂੰ ਸਰਾਪ ਦੇਣ ਦੇ ਲਈ ਬੁਲਾ ਘੱਲਿਆ ਸੀ। ਬਾਲਾਕ ਦੇ ਹਲਕਾਰੇ ਬਿਲਆਮ ਕੋਲ ਗਏ ਅਤੇ ਇਸਰਾਏਲ ਨੂੰ ਸਰਾਪ ਦੇਣ ਦੇ ਲਈ ਉਸ ਦੇ ਅੱਗੇ ਪੈਸੇ ਦੀ ਪੇਸ਼ਕਸ਼ ਕੀਤੀ; ਬਿਲਆਮ ਨੇ ਆਖਿਆ ਕਿ ਉਸ ਨੂੰ ਯਹੋਵਾਹ ਤੋਂ ਪੁੱਛਣਾ ਪਵੇਗਾ। ਬਿਲਆਮ ਨੇ ਪਰਮੇਸ਼ੁਰ ਦੇ ਨਿੱਜੀ ਨਾਮ ਨੂੰ ਵਰਤਿਆ ਸੀ। ਕੀ ਇਹ ਮਨੁੱਖ, ਪਰਮੇਸ਼ੁਰ ਦੀ ਪਰਜਾ ਤੋਂ ਦੂਰ ਰਹਿੰਦਾ ਹੋਇਆ, ਇਕ ਸੱਚੇ ਪਰਮੇਸ਼ੁਰ ਵਿਚ ਇਕ ਸੱਚਾ ਵਿਸ਼ਵਾਸੀ ਸੀ? ਸ਼ਾਇਦ ਸੀ। ਬਿਲਆਮ ਸੰਭਵ ਤੌਰ ਤੇ "ਭਾੜੇ ਤੇ ਲਿਆ ਜਾਣਾ ਵਾਲਾ ਇਕ ਨਬੀ" ਸੀ - ਇਕ ਫਾਲ ਪਾਉਣ ਵਾਲਾ ਜਿਹੜਾ ਕਿਸੇ ਵੀ ਦੇਵਤੇ ਦੇ ਨਾਮ ਵਿਚ ਬਰਕਤ ਜਾਂ ਸਰਾਪ ਦੇਣ ਦੇ ਲਈ ਤਿਆਰ ਸੀ, ਜੇਕਰ ਕੋਈ ਸਹੀ ਕੀਮਤ ਦਿੰਦਾ ਸੀ।

ਪਰਮੇਸ਼ੁਰ ਨੇ ਬਿਲਆਮ ਨੂੰ ਆਖਿਆ ਕਿ ਉਹ ਬਾਲਾਕ ਕੋਲ ਨਾ ਜਾਵੇ ਅਤੇ ਨਾ ਹੀ ਇਸਰਾਏਲ ਨੂੰ ਸਰਾਪ ਦੇਵੇ। ਪਹਿਲਾਂ, ਬਿਲਆਮ ਨੇ ਪਰਮੇਸ਼ੁਰ ਦੀ ਗੱਲ ਮੰਨੀ ਅਤੇ ਬਾਲਾਕ ਦੇ ਮਨੁੱਖਾਂ ਨੂੰ ਮੋੜ ਦਿੱਤਾ।

ਬਾਲਾਕ ਆਪਣੀ ਗੱਲ ਤੇ ਅੜਿਆ ਰਿਹਾ ਅਤੇ ਇਸ ਵਾਰ ਉਸ ਨੇ ਜ਼ਿਆਦਾ ਹਲਕਾਰੇ ਘੱਲੇ ਅਤੇ ਜ਼ਿਆਦਾ ਪੈਸੇ ਦੇਣ ਦੀ ਪੇਸ਼ਕਸ਼ ਕੀਤੀ। ਬਿਲਆਮ ਨੇ ਇਹ ਕਹਿੰਦੇ ਹੋਏ ਇਕ ਵਾਰ ਫੇਰ ਮਨ੍ਹਾ ਕਰ ਦਿੱਤਾ ਕਿ "ਜੇ ਬਾਲਾਕ ਮੈਨੂੰ ਆਪਣੇ ਘਰ ਭਰ ਦੀ ਚਾਂਦੀ ਅਰ ਸੋਨਾ ਵੀ ਦੇਵੇ ਤਾਂ ਵੀ ਮੈਂ ਯਹੋਵਾਹ ਆਪਣੇ ਪਰਮੇਸ਼ੁਰ ਦੇ ਹੁਕਮ ਦਾ ਉਲੰਘਣਾ ਨਹੀਂ ਕਰ ਸੱਕਦਾ ਹਾਂ ਕਿ ਮੈਂ ਘੱਟ ਯਾ ਵਧ ਕਰਾਂ" (22:18)। ਜਦੋਂ ਅਸੀਂ ਇਹ ਪੜ੍ਹਦੇ ਹਾਂ, ਅਸੀਂ ਸੋਚਦੇ ਹਾਂ, "ਪਰਮੇਸ਼ੁਰ ਦਾ ਇਹ ਨਬੀ ਅਤੇ ਸੇਵਕ ਕਿੰਨਾ ਅਦਭੁਤ ਹੈ!" ਪਰ, ਬਿਲਆਮ ਨੇ ਉਨ੍ਹਾਂ ਮਨੁੱਖਾਂ ਨੂੰ ਰਾਤ ਠਹਿਰਣ ਦਾ ਸੱਦਾ ਦਿੱਤਾ ਅਤੇ ਆਖਿਆ ਕਿ ਉਹ ਪਤਾ ਲਗਾਵੇਗਾ ਕਿ ਯਹੋਵਾਹ ਕੋਲ ਉਸ ਨੂੰ ਕਹਿਣ ਦੇ ਲਈ ਹੋਰ ਕੀ ਹੈ। ਉਸ ਰਾਤ ਪਰਮੇਸ਼ੁਰ ਨੇ ਉਸ ਨੂੰ ਉਨ੍ਹਾਂ ਦੇ ਨਾਲ ਜਾਣ ਦੇ ਲਈ ਆਖਿਆ।

ਜਦੋਂ ਬਿਲਆਮ ਮੋਆਬ ਨੂੰ ਗਿਆ, ਪਰਮੇਸ਼ੁਰ ਬਿਲਆਮ ਨਾਲ ਕ੍ਰੋਧਿਤ ਹੋਇਆ। "ਯਹੋਵਾਹ ਦਾ ਦੂਤ" ਉਸ ਦੇ ਰਸਤੇ ਵਿਚ ਖੜ੍ਹਾ ਹੋ ਗਿਆ ਜੋ ਸਪੱਸ਼ਟ ਤੌਰ ਤੇ ਉਸ ਨੂੰ ਮਾਰਨਾ ਚਾਹੁੰਦਾ ਸੀ। ਬਿਲਆਮ ਦੂਤ ਨੂੰ ਵੇਖ ਨਹੀਂ ਸਕਿਆ, ਪਰ ਉਹ ਗਧੀ ਜਿਸ ਤੇ ਉਹ ਸਵਾਰੀ ਕਰ ਰਿਹਾ ਸੀ ਉਸ ਨੇ ਦੂਤ ਨੂੰ ਵੇਖ ਲਿਆ। ਤਿੰਨ ਵਾਰ ਗਧੀ ਨੇ ਦੂਤ ਦੇ ਪ੍ਰਤੀ ਇਸ ਤਰ੍ਹਾਂ ਪ੍ਰਤੀਕਿਰਿਆ ਕੀਤੀ ਜਿਸ ਨਾਲ ਬਿਲਆਮ ਦੀ ਜਾਨ ਬਚ ਗਈ। ਬਿਲਆਮ ਨੂੰ ਨਹੀਂ ਸੀ ਪਤਾ ਕਿ ਗਧੀ ਇਸ ਤਰ੍ਹਾਂ ਦਾ ਅਜੀਬ ਵਿਹਾਰ ਕਿਉਂ ਕਰ ਰਹੀ ਸੀ ਅਤੇ ਉਸ ਨੇ ਗਧੀ ਨੂੰ ਮਾਰਿਆ। ਆਖ਼ਰਕਾਰ, ਪਰਮੇਸ਼ੁਰ ਨੇ ਗਧੀ ਨੂੰ ਬਿਲਆਮ ਨਾਲ ਗੱਲ ਕਰਨ ਦੇ ਯੋਗ ਬਣਾਇਆ ਅਤੇ ਫਿਰ ਦੂਤ ਨੂੰ ਵੇਖਣ ਦੇ ਲਈ ਬਿਲਆਮ ਦੀਆਂ ਅੱਖਾਂ ਖੋਲ੍ਹੀਆਂ ਜਿਹੜਾ ਉਸ ਨੂੰ ਜਾਨੋਂ ਮਾਰਨ ਦੇ ਲਈ ਤਿਆਰ ਖੜ੍ਹਾ ਸੀ।

ਗਧੀ ਦੇ ਬਿਲਆਮ ਨਾਲ ਬੋਲਣ ਵਿਚ ਕਾਫੀ ਵਿਅੰਗ ਸ਼ਾਮਲ ਹੈ। ਇੱਥੇ ਉਹ ਬਿਲਆਮ ਸੀ ਜਿਹੜਾ ਇਕ ਪ੍ਰਸਿੱਧ ਨਬੀ ਸੀ ਪਰ ਫਿਰ ਵੀ ਉਹ ਦੂਤ ਨੂੰ ਨਹੀਂ ਵੇਖ ਸਕਿਆ, ਹਾਲਾਂਕਿ ਗਧੀ ਨੇ ਦੂਤ ਨੂੰ ਵੇਖ ਲਿਆ ਸੀ! ਬਿਲਆਮ, ਫਾਲ ਪਾਉਣ ਵਾਲਾ ਪਰਮੇਸ਼ੁਰ ਦੇ ਲਈ ਬੋਲਣ ਦਾ ਦਾਅਵਾ ਕਰਦਾ ਸੀ, ਫਿਰ ਵੀ ਪਰਮੇਸ਼ੁਰ ਨੇ ਉਸ ਦੇ ਨਾਲ ਗਧੀ ਦੇ ਰਾਹੀਂ ਗੱਲ ਕੀਤੀ! ਪਰ, ਬਿਲਆਮ ਨੇ ਇਸ ਵਿਰਤਾਂਤ ਵਿਚ ਇਕ ਨਬੀ ਦੇ ਤੌਰ ਤੇ ਕੰਮ ਕੀਤਾ ਸੀ, ਉਸ ਵਿਚ ਪਰਮੇਸ਼ੁਰ ਨੇ ਉਸ ਦੇ ਨਾਲ ਅਤੇ ਉਸ ਦੇ ਰਾਹੀਂ ਗੱਲ ਕੀਤੀ। ਪਰਮੇਸ਼ੁਰ ਬਿਲਆਮ ਤੋਂ ਨਾਖੁਸ਼ ਸੀ ਅਤੇ ਆਖਿਆ, "ਤੇਰਾ ਰਾਹ ਮੇਰੇ ਅੱਗੇ ਉਲਟਾ ਹੈ" (22:32) ਜੋ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਪਰਮੇਸ਼ੁਰ ਬਿਲਆਮ ਨੂੰ ਜਾਨੋਂ ਮਾਰਨ ਦੇ ਨੇੜੇ ਸੀ। ਫਿਰ ਬਿਲਆਮ ਨੇ ਮੰਨ ਲਿਆ ਕਿ "ਮੈਂ ਪਾਪ ਕੀਤਾ" (22:34)।

ਪਰਮੇਸ਼ੁਰ ਕਿਉਂ ਨਾਖੁਸ਼ ਸੀ? ਬਿਲਆਮ ਨੇ ਕੀ ਗਲਤ ਕੀਤਾ ਸੀ? ਪਰਮੇਸ਼ੁਰ ਦੇ ਉਸ ਨੂੰ ਜਵਾਬ ਦੇਣ ਤੋਂ ਬਾਅਦ ਵੀ ਉਸ ਨੇ ਦੂਜੀ ਵਾਰ ਪੁੱਛਿਆ ਸੀ। ਸ਼ਾਇਦ, ਉਸ ਦੀਆਂ ਦਿਲੇਰੀ ਵਾਲੀਆਂ ਗੱਲਾਂ ਦੇ ਬਾਵਜੂਦ, ਬਿਲਆਮ ਵੱਡੀ ਰਕਮ ਚਾਹੁੰਦਾ ਸੀ ਜਿਸ ਦਾ ਉਸ ਨੂੰ ਵਾਅਦਾ ਕੀਤਾ ਗਿਆ ਸੀ। ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਕਿ ਬਿਲਆਮ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨ ਵਿਚ ਬਹੁਤ ਜ਼ਿਆਦਾ ਦਿਲਚਸਪੀ ਰੱਖਦਾ ਸੀ, ਪਰ ਅਸਲ ਵਿਚ ਉਹ ਪੈਸਾ ਕਮਾਉਣ ਵਿਚ ਜ਼ਿਆਦਾ ਦਿਲਚਸਪੀ ਰੱਖਦਾ ਸੀ।

ਇਹ ਸੁਝਾਅ ਦੇਣਾ ਉਚਿਤ ਹੋ ਸਕਦਾ ਹੈ ਕਿ ਜਿਸ ਤਰੀਕੇ ਨਾਲ ਬਿਲਆਮ ਨੇ ਬਾਲਾਕ

ਦੇ ਹਲਕਾਰਿਆਂ ਨਾਲ ਗੱਲ ਕੀਤੀ ਸੀ ਉਸ ਤੋਂ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਬਿਲਆਮ ਸੌਦੇਬਾਜੀ ਕਰਨ ਨੂੰ ਤਿਆਰ ਸੀ। ਬਿਲਆਮ ਉਹ ਵਿਅਕਤੀ ਸੀ ਜਿਹੜਾ "ਨਾਂਹ" ਕਹਿ ਸਕਦਾ ਹੈ ਪਰ ਉਸ ਦਾ ਮਤਲਬ "ਹਾਂ" ਹੀ ਸੀ।

ਇਹ ਵਿਚਾਰ ਸਾਡੇ ਲਈ ਇਕ ਹੋਰ ਸਵਾਲ ਖੜ੍ਹਾ ਕਰ ਦਿੰਦਾ ਹੈ: ਜੇਕਰ ਪਰਮੇਸ਼ੁਰ ਬਿਲਆਮ ਤੋਂ ਨਾਖੁਸ਼ ਸੀ - ਅਤੇ ਜੇਕਰ ਬਿਲਆਮ ਉੱਨਾ ਚੰਗਾ ਨਹੀਂ ਸੀ ਜਿੰਨਾ ਉਹ ਲੱਗਦਾ ਸੀ - ਪਰਮੇਸ਼ੁਰ ਨੇ ਉਸ ਨੂੰ ਬਾਲਾਕ ਕੋਲ ਕਿਉਂ ਜਾਣ ਦਿੱਤਾ? ਇਕ ਸੰਭਾਵਨਾ ਇਹ ਹੈ ਕਿ ਪਰਮੇਸ਼ੁਰ ਨੇ ਬਿਲਆਮ ਨੂੰ ਬਾਲਾਕ ਕੋਲ ਇਸ ਲਈ ਭੇਜਿਆ ਕਿਉਂਕਿ ਉਹ ਆਪਣੀ ਪਰਜਾ ਨੂੰ ਬਰਕਤ ਦੇਣਾ ਚਾਹੁੰਦਾ ਸੀ। ਪਰਮੇਸ਼ੁਰ ਉਸ ਉਦੇਸ਼ ਦੇ ਲਈ ਨੁਕਸਦਾਰ ਭਾਂਡੇ ਨੂੰ ਵੀ ਇਸਤੇਮਾਲ ਕਰ ਸਕਦਾ ਸੀ। ਪਰਮੇਸ਼ੁਰ ਆਪਣੇ ਉਦੇਸ਼ਾਂ ਨੂੰ ਪੂਰਾ *ਕਰੇਗਾ* - ਕਈ ਵਾਰ ਉਸ ਦੇ ਮਨੁੱਖੀ ਸਾਧਨਾਂ ਦੇ ਬਾਵਜੂਦ, ਨਾ ਕਿ ਉਨ੍ਹਾਂ ਦੇ ਕਾਰਣ।

*ਬਿਲਆਮ ਨੇ ਉਹ ਕੀਤਾ ਜਿਸ ਦੀ ਉਮੀਦ ਨਹੀਂ ਸੀ ਕੀਤੀ ਗਈ।* ਬਿਲਆਮ ਨੇ ਉਹ ਨਹੀਂ ਕੀਤਾ ਜੋ ਕਰਨ ਦੀ ਉਸ ਤੋਂ ਉਮੀਦ ਕੀਤੀ ਗਈ ਸੀ; ਬਲਕਿ, ਉਸ ਨੇ ਉਹ ਕੀਤਾ ਜੋ ਕਰਨ ਦੀ ਉਸ ਕੋਲੋਂ ਉਮੀਦ ਨਹੀਂ ਸੀ ਕੀਤੀ ਗਈ! ਜਦੋਂ ਨਬੀ ਮੋਆਬ ਦੇ ਮਦਾਨ ਵਿਚ ਪਹੁੰਚਿਆ, ਬਾਲਾਕ ਨੇ ਉਸ ਤੋਂ ਉਮੀਦ ਕੀਤੀ ਸੀ ਕਿ ਉਹ ਇਸਰਾਏਲ ਨੂੰ ਸਰਾਪ ਦੇਵੇਗਾ। ਤਿੰਨ ਵਾਰ ਬਾਲਾਕ ਨੇ ਸਰਾਪ ਦਿਵਾਉਣ ਦਾ ਇੰਤਜਾਮ ਕੀਤਾ; ਪਰ ਤਿੰਨੇ ਵਾਰ ਇਸਰਾਏਲੀਆਂ ਨੂੰ ਸਰਾਪ ਦੇਣ ਦੀ ਬਜਾਇ, ਬਿਲਆਮ ਨੇ ਉਨ੍ਹਾਂ ਨੂੰ ਬਰਕਤ ਦਿੱਤੀ।

ਫਿਰ ਬਿਲਆਮ ਨੇ ਬਰਕਤ ਦਾ ਚੌਥਾ ਅਗੰਮ ਵਾਕ ਕਿਹਾ। ਉਸ ਨੇ ਆਖਿਆ, "ਯਾਕੂਬ ਤੋਂ ਇੱਕ ਤਾਰਾ ਚੜ੍ਹੇਗਾ ਅਤੇ ਇਸਰਾਏਲ ਤੋਂ ਇੱਕ ਆਸਾ ਉੱਠੇਗਾ। ਉਹ ਮੋਆਬ ਦੇ ਮੱਥਿਆਂ ਨੂੰ ਵਿੰਨ੍ਹੇਗਾ, ਅਤੇ ਸਾਰੇ ਫ਼ਸਾਦੀਆਂ ਨੂੰ ਉਧੇੜੇਗਾ" (24:17)।

ਬਾਲਾਕ ਨਿਰਾਸ਼ ਸੀ। ਉਹ ਆਪਣੇ ਦੁਸ਼ਮਣ ਨੂੰ ਸਰਾਪ ਦੇਣ ਦੇ ਲਈ ਵੱਡੇ ਖਰਚ ਤੇ ਦੂਜੇ ਦੇਸ਼ ਤੋਂ ਇਕ ਸ਼ਕਤੀਸ਼ਾਲੀ ਫਾਲ ਪਾਉਣ ਵਾਲੇ ਨੂੰ ਲੈ ਕੇ ਆਇਆ ਸੀ - ਪਰ ਉਸ ਫਾਲ ਪਾਉਣ ਵਾਲੇ ਨੇ ਸਰਾਪ ਦੇਣ ਦੀ ਬਜਾਇ ਉਨ੍ਹਾਂ ਨੂੰ ਬਰਕਤ ਦਿੱਤੀ! ਅਸੀਂ ਉਸ ਦੀ ਨਿਰਾਸ਼ਾ ਨੂੰ ਸੁਣ ਸਕਦੇ ਹਾਂ: ਪਹਿਲੀ ਬਰਕਤ ਤੋਂ ਬਾਅਦ, ਰਾਜੇ ਆਖਿਆ, "ਤੈਂ ਮੇਰੇ ਨਾਲ ਕੀ ਕੀਤਾ? ਮੈਂ ਤੈਨੂੰ ਆਪਣੇ ਵੈਰੀਆਂ ਲਈ ਬਦ ਦੁਆ ਕਰਨ ਲਈ ਲਿਆਂਦਾ ਅਤੇ ਵੇਖ, ਤੈਂ ਉਨ੍ਹਾਂ ਨੂੰ ਬਰਕਤ ਹੀ ਬਰਕਤ ਦਿੱਤੀ?" (23:11)। ਦੂਜੀ ਬਰਕਤ ਤੋਂ ਬਾਅਦ, ਉਸ ਨੇ ਉਹ ਨੂੰ ਆਖਿਆ, "ਨਾ ਉਹ ਨੂੰ ਬਦ ਦੁਆ ਦੇਹ ਅਤੇ ਨਾ ਉਹ ਨੂੰ ਬਰਕਤ ਹੀ ਦੇਹ!" (23:25)। ਤੀਜੀ ਬਰਕਤ ਤੋਂ ਬਾਅਦ, ਉਸ ਦਾ ਕ੍ਰੋਧ ਇੰਨਾ ਜ਼ਿਆਦਾ ਭੜਕ ਗਿਆ ਕਿ ਉਸ ਨੇ ਹੱਥ ਉੱਤੇ ਹੱਥ ਮਾਰ ਕੇ ਆਖਿਆ, "ਮੈਂ ਤੈਨੂੰ ਆਪਣੇ ਵੈਰੀਆਂ ਨੂੰ ਬਦ ਦੁਆ ਦੇਣ ਲਈ ਸੱਦਿਆ ਅਤੇ ਵੇਖ, ਤੈਂ ਤਿੰਨ ਵਾਰ ਉਨ੍ਹਾਂ ਨੂੰ ਬਰਕਤਾਂ ਹੀ ਬਰਕਤਾਂ ਦਿੱਤੀਆਂ! ਹੁਣ ਆਪਣੇ ਥਾਂ ਨੂੰ ਨੱਠ ਜਾਹ ..." (24:10, 11)।

*ਪਰਮੇਸ਼ੁਰ ਨੇ ਉਹ ਕੀਤਾ ਜਿਸ ਦੀ ਉਮੀਦ ਨਹੀਂ ਸੀ, ਸਰਾਪਾਂ ਨੂੰ ਬਰਕਤਾਂ ਵਿਚ ਬਦਲਨਾ।* ਇਸ ਹਾਲਾਤ ਵਿਚ ਇਸਰਾਏਲ ਦੇ ਲਈ ਪਰਮੇਸ਼ੁਰ ਦੀ ਯੋਜਨਾ ਇਕ ਹੈਰਾਨੀਜਨਕ ਤਰੀਕੇ ਨਾਲ ਪੂਰੀ ਹੋਈ ਸੀ। ਡਰੇ ਹੋਏ ਵਿਰੋਧੀਆਂ, ਮਿਲੀਭੁਗਤ ਵਾਲੇ ਰਾਜਾ ਅਤੇ ਇਕ ਲਾਲਚੀ ਅਤੇ ਬਦਲਣਯੋਗ ਨਬੀ ਦੇ ਬਾਵਜੂਦ, ਪਰਮੇਸ਼ੁਰ ਦੇ ਲੋਕਾਂ ਨੂੰ ਬਰਕਤ ਮਿਲੀ। ਉਹ ਤਕੜੇ, ਗਿਣਤੀ ਵਿਚ ਬਹੁਤ ਸਾਰੇ, ਧਰਮੀ, ਫਲਦਾਇਕ ਸਨ - ਅਤੇ ਰਹਿਣਗੇ - ਅਤੇ ਪਰਮੇਸ਼ੁਰ ਦੁਆਰਾ ਬਰਕਤ ਪਾਏ ਹੋਏ ਸਨ। ਉਨ੍ਹਾਂ ਦੇ ਦੁਸ਼ਮਣਾਂ ਦਾ ਇਕ ਜੇਤੂ, ਉਹ ਫੌਜਾਂ ਜਾਂ ਫਾਲ ਪਾਉਣ ਵਾਲਿਆਂ ਦੁਆਰਾ ਨਾ ਰੁਕਣ ਵਾਲੇ ਸਨ।

ਇਸ ਤੋਂ ਇਲਾਵਾ, ਇਹ ਬਰਕਤ ਅਜੀਬ ਘਟਨਾਵਾਂ ਦੇ ਕਾਰਣ ਸੰਭਵ ਹੋਈ ਸੀ: ਉਹ

ਜਿਸ ਨੂੰ ਸਰਾਪ ਦੇਣ ਦੇ ਲਈ ਬੁਲਾਇਆ ਗਿਆ ਸੀ ਬਰਕਤ ਦੇਣ ਦੇ ਲਈ ਠਹਿਰਿਆ। ਮੂਸਾ ਨੇ ਜਦੋਂ ਇਸ ਘਟਨਾ ਦੀ ਗੱਲ ਕੀਤੀ ਤਾਂ ਬਿਵਸਥਾ ਸਾਰ 23:5 ਵਿਚ ਉਸ ਨੇ ਆਖਿਆ, “ਪਰਮੇਸ਼ੁਰ ਨੇ ਤੁਹਾਡੇ ਲਈ ਸਰਾਪ ਨੂੰ ਬਰਕਤ ਵਿੱਚ ਬਦਲ ਦਿੱਤਾ ਕਿਉਂ ਜੋ ਯਹੋਵਾਹ ਤੁਹਾਡੇ ਪਰਮੇਸ਼ੁਰ ਨੂੰ ਤੁਹਾਡੇ ਨਾਲ ਪ੍ਰੇਮ ਸੀ।” ਇਸਰਾਏਲ ਦੇ ਲਈ ਪਰਮੇਸ਼ੁਰ ਦੀ ਯੋਜਨਾ ਸਫ਼ਲ ਹੋਈ, ਪਰ ਇਸਰਾਏਲ ਦੇ ਲਈ ਬਾਲਾਕ ਦੀ ਯੋਜਨਾ ਅਸਫ਼ਲ ਹੋਈ।

ਸਰਾਪਾਂ ਨੂੰ ਬਰਕਤ ਵਿਚ ਬਦਲਣ, ਉਨ੍ਹਾਂ ਦੀਆਂ ਯੋਜਨਾਵਾਂ ਨੂੰ ਸੋਧਣ ਜਿਹੜੇ ਆਪਣੇ ਆਪ ਨੂੰ ਉਸ ਦੀ ਪਰਜਾ ਦੇ ਵਿਰੁੱਧ ਕਰਦੇ ਹਨ ਪਰਮੇਸ਼ੁਰ ਦਾ ਆਪਣਾ ਹੀ ਇਕ ਤਰੀਕਾ ਹੈ। ਜਦੋਂ ਲੋਕ ਪਰਮੇਸ਼ੁਰ ਦੇ ਉਦੇਸ਼ਾਂ ਨੂੰ ਹਰਾਉਣ ਦੀਆਂ ਯੋਜਨਾਵਾਂ ਬਣਾਉਂਦੇ ਹਨ, ਪਰਮੇਸ਼ੁਰ ਦੇ ਕੋਲ ਇਕ ਯੋਜਨਾ ਹੈ ਜਿਹੜੀ ਉਨ੍ਹਾਂ ਦੇ ਬੁਰੇ ਇਰਾਦਿਆਂ ਨੂੰ ਅਣਡਿੱਠਾ ਕਰਦੀ ਹੈ।

ਬਾਈਬਲ ਬਾਰ-ਬਾਰ ਸਰਾਪਾਂ ਨੂੰ ਬਰਕਤਾਂ ਵਿਚ ਬਦਲਣ ਦੀ ਪਰਮੇਸ਼ੁਰ ਦੀ ਯੋਗਤਾ ਨੂੰ ਵਿਖਾਉਂਦੀ ਹੈ:

1. *ਯੂਸੁਫ਼*। ਯੂਸੁਫ਼ ਦੇ ਭਰਾਵਾਂ ਨੇ ਜੋ ਉਸ ਨੂੰ ਨਫਰਤ ਕਰਦੇ ਸਨ ਮਿਸਰ ਵਿਚ ਵੇਚਣ ਦੁਆਰਾ ਉਸ ਤੋਂ ਛੁਟਕਾਰਾ ਪਾਉਣ ਦੀ ਯੋਜਨਾ ਬਣਾਈ ਸੀ। ਪਰ, ਪਰਮੇਸ਼ੁਰ ਦੇ ਕੋਲ ਵੀ ਇਕ ਯੋਜਨਾ ਸੀ: ਪਰਮੇਸ਼ੁਰ ਨੇ ਉਸ ਬੁਰਿਆਈ ਨੂੰ ਜੋ ਉਨ੍ਹਾਂ ਨੇ ਯੂਸੁਫ਼ ਦੇ ਨਾਲ ਕੀਤੀ ਸੀ ਭਲਿਆਈ ਵਿਚ ਬਦਲ ਦਿੱਤਾ ਸੀ ਜਦੋਂ ਉਸ ਨੇ ਇਸਰਾਏਲ ਨੂੰ ਜਿੰਦਾ ਰੱਖਿਆ ਜਦੋਂ ਕਈ ਸਾਲਾਂ ਬਾਅਦ ਦੇਸ ਵਿਚ ਕਾਲ ਪੈ ਗਿਆ (ਉਤਪਤ 50:20)। ਪਰਮੇਸ਼ੁਰ ਨੇ ਉਸ ਬੁਰਿਆਈ ਨੂੰ ਜੋ ਉਨ੍ਹਾਂ ਨੇ ਕਰਨ ਦੀ ਯੋਜਨਾ ਬਣਾਈ ਸੀ - ਉਨ੍ਹਾਂ ਦੇ ਭਰਾ ਤੇ ਉਨ੍ਹਾਂ ਦਾ ਸਰਾਪ - ਇਕ ਬਰਕਤ ਵਿੱਚ ਬਦਲ ਦਿੱਤਾ ਸੀ।

2. *ਅਸਤਰ*। ਹਾਮਾਨ ਨੇ ਯਹੂਦੀਆਂ ਨੂੰ ਨਾਸ ਕਰਨ ਦੁਆਰਾ ਆਪਣੇ ਦੁਸ਼ਮਣ ਮਾਰਦਕਈ ਨੂੰ ਹਰਾਉਣ ਦੀ ਯੋਜਨਾ ਬਣਾਈ ਸੀ। ਨਾਲ ਹੀ ਨਾਲ, ਪਰਮੇਸ਼ੁਰ ਦੇ ਕੋਲ ਉਸ ਦੀ ਆਪਣੀ ਯੋਜਨਾ ਸੀ: ਉਹ ਯਹੂਦੀ ਲੋਕਾਂ ਦੇ ਦੁਸਮਣਾਂ (ਹਾਮਾਨ ਸਮੇਤ) ਦਾ ਖਾਤਮਾ ਕਰਨ, ਯਹੂਦੀ ਕੌਮ ਦੇ ਲਈ ਯਹੂਦੀ-ਮੁਰੀਦ ਬਣਾਉਣ ਲਈ, ਯਹੂਦੀ ਲੋਕਾਂ ਨੂੰ ਹੋਰ ਜ਼ਿਆਦਾ ਖੁਸ਼ਹਾਲੀ ਨਾਲ ਬਰਕਤ ਦੇਣ ਲਈ ਅਤੇ ਫ਼ਾਰਸੀ ਹਕੂਮਤ ਵਿਚ ਮਾਰਦਕਈ ਨੂੰ ਇਕ ਅਹਿਮ ਅਧਿਕਾਰੀ ਬਣਾਉਣ ਦੇ ਲਈ ਹਾਮਾਨ ਦੀ ਸਾਜਿਸ਼ ਨੂੰ ਇਸਤੇਮਾਲ ਕਰੇਗਾ। ਪਰਮੇਸ਼ੁਰ ਨੇ ਆਪਣੀ ਪਰਜਾ ਦੇ ਲਈ ਸਰਾਪ ਨੂੰ ਬਰਕਤ ਵਿਚ ਬਦਲ ਦਿੱਤਾ ਸੀ।

3. *ਯਿਸੂ*। ਸ਼ਤਾਨ ਨੇ ਪਰਮੇਸ਼ੁਰ ਦੇ ਪੁੱਤਰ ਨੂੰ ਨਾਸ ਕਰਨ ਦੀ ਯੋਜਨਾ ਬਣਾਈ ਸੀ ਇਸ ਤੋਂ ਪਹਿਲਾਂ ਕਿ ਯਿਸੂ ਆਪਣਾ ਰਾਜ ਕਾਇਮ ਕਰ ਸਕਦਾ ਅਤੇ ਸ਼ਤਾਨ ਦੇ ਉਦੇਸ਼ ਨੂੰ ਹਰਾ ਸਕਦਾ। ਇਸ ਲਈ, ਸ਼ਤਾਨ ਨੇ ਮਨੁੱਖਾਂ ਨੂੰ ਯਿਸੂ ਨੂੰ ਸਲੀਬ ਦੇਣ ਦੇ ਲਈ ਪ੍ਰਭਾਵਿਤ ਕੀਤਾ ਸੀ, ਪਰ ਉਹ ਇਸ ਗੱਲ ਤੋਂ ਅਣਜਾਣ ਸੀ ਕਿ ਪਰਮੇਸ਼ੁਰ ਕੋਲ ਇਸ ਤੋਂ ਵੀ ਵੱਡੀ ਯੋਜਨਾ ਸੀ ਅਤੇ ਉਹ ਸ਼ਤਾਨ ਦੀ ਸ਼ਕਤੀ ਨੂੰ ਨਾਸ ਕਰਨ ਦੇ ਲਈ ਯਿਸੂ ਦੀ ਮੌਤ ਨੂੰ ਇਕ ਵਸੀਲੇ ਦੇ ਰੂਪ ਵਿਚ ਵਰਤੇਗਾ (ਇਬਰਾਨੀਆਂ 2:14)। ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ, ਉਸ ਨੇ ਕਬਰ ਅਤੇ ਸ਼ਤਾਨ ਉੱਤੇ ਜਿੱਤ ਪ੍ਰਾਪਤ ਕੀਤੀ - ਸਰਾਪ ਨੂੰ ਬਰਕਤ ਦੇ ਵਿਚ ਬਦਲ ਦਿੱਤਾ।

4. *ਕਲੀਸੀਆ*। ਰਸੂਲਾਂ ਦੇ ਕਰਤੱਬ ਪੁਸਤਕ ਦੇ ਸ਼ੁਰੂਆਤੀ ਅਧਿਆਵਾਂ ਵਿਚ ਜਿਨ੍ਹਾਂ ਯਹੂਦੀ ਲੋਕਾਂ ਦਾ ਵਰਣਨ ਕੀਤਾ ਗਿਆ ਹੈ ਉਨ੍ਹਾਂ ਕੋਲ ਇਕ ਯੋਜਨਾ ਸੀ। ਉਹ ਸਤਾਓ ਦੇ ਨਾਲ ਕਲੀਸੀਆ ਨੂੰ ਫੈਲਣ ਤੋਂ ਰੋਕਣਾ ਚਾਹੁੰਦੇ ਸਨ। ਇਸ ਦੇ ਉਲਟ, ਪਰਮੇਸ਼ੁਰ ਕੋਲ ਕਲੀਸੀਆ ਨੂੰ ਵਧਾਉਣ ਦੀ ਯੋਜਨਾ ਸੀ। ਇਸ ਲਈ, ਯਰੂਸ਼ਲਮ ਵਿਚ ਸਤਾਓ ਨੇ - ਜਿਸ ਦਾ ਉਦੇਸ਼ ਕਲੀਸੀਆ ਦੇ ਵਾਧੇ ਜਾਂ ਉੱਨਤੀ ਨੂੰ ਰੋਕਣਾ ਸੀ - ਕਲੀਸੀਆ ਦੇ ਘੱਟਣ ਦੀ ਬਜਾਇ

ਵੱਧਣ ਵਿਚ ਮਦਦ ਕੀਤੀ, ਜਦੋਂ ਖਿੰਡੇ ਹੋਏ ਮਸੀਹੀ ਲੋਕਾਂ ਨੇ ਹਰ ਥਾਂ ਤੇ ਜਾ ਕੇ ਖੁਸ਼ਖ਼ਬਰੀ ਦਾ ਪਰਚਾਰ ਕੀਤਾ (ਰਸੂਲਾਂ ਦੇ ਕਰਤੱਬ 8:4)। ਪਰਮੇਸ਼ੁਰ ਨੇ ਸਤਾਓ ਦੇ ਸਰਾਪ ਨੂੰ ਇਕ ਬਰਕਤ ਵਿਚ ਬਦਲ ਦਿੱਤਾ।

ਅੱਜ, ਪਰਮੇਸ਼ੁਰ ਉਸੇ ਤਰ੍ਹਾਂ ਦੇ ਪ੍ਰਬੰਧ ਦੀ ਵਰਤੋਂ ਕਰਦਾ ਹੈ। ਉਹ ਸਰਾਪਾਂ ਨੂੰ ਬਰਕਤ ਵਿਚ ਬਦਲਣ ਦੇ ਲਈ ਤਿਆਰ ਅਤੇ ਯੋਗ ਦੋਵੇਂ ਹੀ ਹੈ। ਉਹ ਸਪੱਸ਼ਟ ਹਾਰ ਨੂੰ ਇਕ ਜਿੱਤ ਵਿਚ ਅਤੇ ਤ੍ਰਾਸਦੀ ਨੂੰ ਫਤਹਿ ਵਿਚ ਬਦਲ ਸਕਦਾ ਹੈ।

*ਬਿਲਆਮ ਸਫ਼ਲ ਹੋਇਆ ... ਅਤੇ ਅਸਫ਼ਲ ਹੋਇਆ।* ਪਰਮੇਸ਼ੁਰ ਨੇ ਬਿਲਆਮ ਨੂੰ ਸਰਾਪ ਨੂੰ ਬਰਕਤ ਵਿਚ ਬਦਲਣ ਦੇ ਲਈ ਇਸਤੇਮਾਲ ਕੀਤਾ ਸੀ। ਸ਼ਾਇਦ ਅਸੀਂ ਸੋਚ ਸਕਦੇ ਹਾਂ ਕਿ ਇਹ ਕਹਾਣੀ ਦਾ ਅੰਤ ਹੈ, ਪਰ ਇਹ ਕਹਾਣੀ ਦਾ ਅੰਤ ਨਹੀਂ ਹੈ। ਅਸਲ ਵਿਚ, ਬਿਲਆਮ ਉਹ ਪੂਰਾ ਕਰਨ ਵਿਚ ਸਫ਼ਲ ਹੋਇਆ ਜੋ ਬਾਲਾਕ ਚਾਹੁੰਦਾ ਸੀ, ਪਰ ਉਹ ਉਸ ਸਫ਼ਲਤਾ ਤੋਂ ਨਿੱਜੀ ਤੌਰ ਤੇ ਲਾਭ ਉਠਾਉਣ ਵਿਚ ਅਸਫ਼ਲ ਹੋਇਆ।

ਜਦੋਂ ਅਸੀਂ ਅਧਿਆਇ 24 ਤੋਂ ਬਾਅਦ ਕਹਾਣੀ ਨੂੰ ਅੱਗੇ ਪੜ੍ਹਨਾ ਜਾਰੀ ਰੱਖਦੇ ਹਾਂ, ਅਧਿਆਇ 25 ਵਿਚ ਸਾਡਾ ਸਾਹਮਣਾ ਇਕ ਦੁਖਦਾਈ ਘਟਨਾ ਦੇ ਨਾਲ ਹੁੰਦਾ ਹੈ। ਇਸਰਾਏਲੀ ਪੁਰਸ਼ਾਂ ਨੇ ਮੋਆਬ ਦੀਆਂ ਤੀਵੀਆਂ ਨਾਲ ਜ਼ਨਾਹ ਕੀਤਾ ਸੀ ਅਤੇ ਆਪਣੇ ਆਪ ਉੱਤੇ ਅਤੇ ਆਪਣੀ ਕੌਮ ਉੱਤੇ ਪਰਮੇਸ਼ੁਰ ਦੇ ਕ੍ਰੋਧ ਨੂੰ ਲਿਆਂਦਾ ਸੀ (25:1-9)।

ਇਸ ਤ੍ਰਾਸਦੀ ਦਾ ਬਿਲਆਮ ਨਾਲ ਕੀ ਵਾਸਤਾ ਹੈ? 24 ਅਧਿਆਇ ਦੇ ਅੰਤ ਵਿਚ, ਬਿਲਆਮ ਆਪਣੇ ਅਸਥਾਨ ਨੂੰ ਮੁੜ ਆਇਆ। ਬਾਅਦ ਵਿਚ, ਅਧਿਆਇ 31 ਵਿਚ, ਇਸਰਾਏਲੀਆਂ ਨੇ - ਪਰਮੇਸ਼ੁਰ ਦੇ ਹੁਕਮਾਂ ਤੇ - ਉਸ ਪੀੜਾ ਦੇ ਲਈ ਜੋ ਮਿਦਯਾਨੀਆਂ ਨੇ ਇਸਰਾਏਲ ਨੂੰ ਦਿੱਤੀ ਸੀ ਉਨ੍ਹਾਂ ਨੂੰ ਉਸ ਦੀ ਸਜ਼ਾ ਦੇਣ ਵਾਸਤੇ ਮਿਦਯਾਨੀਆਂ ਉੱਤੇ ਹਮਲਾ ਕੀਤਾ ਸੀ (31:1, 2)। ਅਸੀਂ ਪੜ੍ਹਦੇ ਹਾਂ ਕਿ ਇਸਰਾਏਲੀਆਂ ਨੇ "ਬਓਰ ਦੇ ਪੁੱਤ੍ਰ ਬਿਲਆਮ ਨੂੰ [ਦੂਜਿਆਂ ਨਾਲ] ਤੇਗ ਨਾਲ ਵੱਢ ਸੁੱਟਿਆ" (31:8)। ਸਾਨੂੰ ਇਹ ਵੀ ਪਤਾ ਲੱਗਦਾ ਹੈ ਕਿ ਇਸਰਾਏਲੀਆਂ ਦੀ ਮਿਦਯਾਨੀਆਂ ਨਾਲ ਆਤਮਿਕ ਅਤੇ ਸਰੀਰਕ ਜ਼ਨਾਹਕਾਰੀ ਉਸ ਸਾਜਿਸ਼ ਦਾ ਨਤੀਜਾ ਸੀ ਜੋ ਬਿਲਆਮ ਦੁਆਰਾ ਰਚੀ ਗਈ ਸੀ (31:15, 16)। ਬਿਲਆਮ ਨੇ ਮੋਆਬ ਦੇ ਰਾਜਾ ਅਤੇ ਮਿਦਯਾਨ ਦੇ ਸਰਦਾਰਾਂ ਨੂੰ ਕੁਝ ਇਸ ਤਰ੍ਹਾਂ ਕਿਹਾ ਹੋਵੇਗਾ:

> ਇਹ ਤਾਂ ਸਪੱਸ਼ਟ ਹੈ ਕਿ ਅਸੀਂ ਆਪਣੀਆਂ ਫੌਜਾਂ ਨਾਲ ਇਸ ਪਰਜਾ ਉੱਤੇ ਜਿੱਤ ਪ੍ਰਾਪਤ ਨਹੀਂ ਕਰ ਸਕਦੇ ਅਤੇ ਨਾ ਹੀ ਮੈਂ ਉਨ੍ਹਾਂ ਨੂੰ ਸਰਾਪ ਦੇ ਸਕਦਾ ਹਾਂ - ਕਿਉਂਕਿ ਉਨ੍ਹਾਂ ਦਾ ਪਰਮੇਸ਼ੁਰ ਬਹੁਤ ਹੀ ਸ਼ਕਤੀਸ਼ਾਲੀ ਹੈ। ਜੇਕਰ ਅਸੀਂ ਉਨ੍ਹਾਂ ਤੋਂ ਬਚਣਾ ਹੈ, ਸਾਨੂੰ ਉਨ੍ਹਾਂ ਦੇ ਪਰਮੇਸ਼ੁਰ ਨੂੰ ਉਨ੍ਹਾਂ ਦੇ ਵਿਰੁੱਧ ਕਰਨਾ ਪਵੇਗਾ। ਅਸੀਂ ਇਹ ਇਸ ਤਰ੍ਹਾਂ ਕਰ ਸਕਦੇ ਹਾਂ: ਉਨ੍ਹਾਂ ਨਾਲ ਦੋਸਤੀ ਕਰੋ, ਉਨ੍ਹਾਂ ਨੂੰ ਆਪਣੇ ਤਿਉਹਾਰਾਂ ਵਿਚ ਆਉਣ ਦਾ ਸੱਦਾ ਦਿਓ, ਉਨ੍ਹਾਂ ਨੂੰ ਆਪਣੇ ਦੇਵਤਿਆਂ ਦੀ ਪੂਜਾ ਵਿਚ ਆਪਣੇ ਨਾਲ ਸ਼ਾਮਲ ਕਰੋ ਅਤੇ ਤੁਹਾਡੀਆਂ ਸੁੰਦਰ ਤੀਵੀਆਂ ਨੂੰ ਉਨ੍ਹਾਂ ਨੂੰ ਮੋਹਿਤ ਕਰਨ ਦਿਓ। ਫਿਰ, ਮੈਂ ਤੁਹਾਨੂੰ ਭਰੋਸੇ ਨਾਲ ਕਹਿੰਦਾ ਹਾਂ, ਉਨ੍ਹਾਂ ਦਾ ਪਰਮੇਸ਼ੁਰ ਉਨ੍ਹਾਂ ਦੇ ਵਿਰੁੱਧ ਹੋ ਜਾਵੇਗਾ ਅਤੇ ਉਨ੍ਹਾਂ ਨੂੰ ਨਾਸ ਕਰ ਦੇਵੇਗਾ!

ਕਿਉਂਕਿ ਅਜਿਹੀ ਸਲਾਹ ਬਿਲਆਮ ਨੇ ਦਿੱਤੀ ਸੀ, ਨਵੇਂ ਨੇਮ ਵਿਚ ਨਿਰੰਤਰ ਉਸ ਦੀ ਨਿੰਦਾ ਕੀਤੀ ਗਈ ਹੈ (2 ਪਤਰਸ 2:15, 16; ਯਹੂਦਾਹ 11; ਪਰਕਾਸ਼ ਦੀ ਪੋਥੀ 2:14)।

ਬਿਲਆਮ ਨੇ ਅਜਿਹੀ ਸਲਾਹ ਕਿਉਂ ਦਿੱਤੀ ਸੀ? ਸਪੱਸ਼ਟ ਰੂਪ ਵਿਚ, ਉਹ ਹਾਲੇ ਬਾਲਾਕ ਦੇ ਕੋਲੋਂ ਪੈਸੇ ਚਾਹੁੰਦਾ ਸੀ। ਲਾਲਚ ਹੀ ਬਿਲਆਮ ਦੇ ਡਿੱਗਣ ਦਾ ਕਾਰਣ ਬਣਿਆ। ਇਹੋ ਜਿਹੇ ਪਾਪ ਦੇ ਕਾਰਣ ਹੋਰ ਵੀ ਬਹੁਤ ਸਾਰੇ ਲੋਕ ਡਿੱਗੇ ਸਨ। ਆਓ ਅਸੀਂ ਲਾਲਚ ਅਤੇ ਲੋਭ ਦੇ

ਪਾਪਾਂ ਦੇ ਵਿਰੁੱਧ ਆਪਣੇ ਆਪ ਨੂੰ ਬਚਾ ਕੇ ਰੱਖੀਏ।

ਇਹ ਕਿੰਨੀ ਸਿਆਣੀ ਸਲਾਹ ਸੀ! ਕੋਈ ਹੋਰ ਦੇਵਤਾ ਯਹੋਵਾਹ ਪਰਮੇਸ਼ੁਰ ਉੱਤੇ ਜਿੱਤ ਨਹੀਂ ਸੀ ਪਾ ਸਕਦਾ। ਕੋਈ ਵੀ ਫਾਲ ਪਾਉਣ ਵਾਲਾ ਪਰਮੇਸ਼ੁਰ ਦੀ ਪਰਜਾ ਨੂੰ ਸਰਾਪ ਨਹੀਂ ਸੀ ਦੇ ਸਕਦਾ ਜਦੋਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਬਰਕਤ ਦਿੱਤੀ ਸੀ। ਕੋਈ ਵੀ ਫੌਜ ਉਨ੍ਹਾਂ ਦੇ ਵਿਰੁੱਧ ਖੜੀ ਨਹੀਂ ਸੀ ਹੋ ਸਕਦੀ ਜਦ ਪਰਮੇਸ਼ੁਰ ਉਨ੍ਹਾਂ ਦੇ ਵੱਲ ਸੀ। ਇਸਰਾਏਲ ਉੱਤੇ ਜਿੱਤ ਪਾਉਣ ਦਾ ਇਕਮਾਤਰ ਰਾਹ ਪਰਜਾ ਨੂੰ ਉਨ੍ਹਾਂ ਦੇ ਪਰਮੇਸ਼ੁਰ ਤੋਂ ਅੱਡ ਕਰਨਾ ਸੀ। ਬਿਲਆਮ ਇਸ ਸੱਚਾਈ ਨੂੰ ਸਮਝ ਗਿਆ ਸੀ ਅਤੇ ਉਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਜੋ ਕੁਝ ਸਮੇਂ ਦੇ ਲਈ ਸਫ਼ਲ ਰਹੀ ਸੀ। ਇਹ ਕੁੱਲ ਮਿਲਾ ਕੇ ਸਫ਼ਲ ਰਹਿਣੀ ਸੀ ਜੇਕਰ ਇਸ ਨੂੰ ਨਾ ਰੋਕਿਆ ਜਾਂਦਾ।

ਬਿਲਆਮ, ਇਕ ਵਾਰ ਨਾਕਾਮ ਰਿਹਾ, ਇਸਰਾਏਲ ਦੀ ਉੱਨਤੀ ਨੂੰ ਧੀਮਾ ਕਰਨ ਦੇ ਲਈ ਆਪਣੀ ਦੂਜੀ ਕੋਸ਼ਿਸ਼ ਵਿਚ ਸਫ਼ਲ ਰਿਹਾ। ਕੀ ਉਸ ਨੂੰ ਉਹ ਸੋਨਾ ਅਤੇ ਆਦਰ ਮਿਲਿਆ ਸੀ ਜਿਸ ਦਾ ਬਾਲਾਕ ਨੇ ਉਸ ਨਾਲ ਵਾਅਦਾ ਕੀਤਾ ਸੀ? ਸ਼ਾਇਦ। ਪਰ, ਮੈਨੂੰ ਸੰਦੇਹ ਹੈ ਕਿ ਜਿਸ ਸਮੇਂ ਉਹ ਆਪਣੇ ਨਾਜਾਇਜ਼ ਲਾਭ ਦਾ ਅਨੰਦ ਮਾਣਨ ਦੇ ਲਈ ਤਿਆਰ ਹੋਇਆ ਸੀ, ਇਸਰਾਏਲੀ ਫੌਜ ਨੇ, ਪਰਮੇਸ਼ੁਰ ਦੀ ਬਰਕਤ ਨਾਲ, ਉਸ ਉੱਤੇ ਹਮਲਾ ਕਰ ਦਿੱਤਾ। ਉਹ ਸ਼ੁਕਲਾ ਮਰ ਗਿਆ। ਉਸ ਦੀ ਸਲਾਹ ਕੰਮ ਕਰ ਗਈ, ਪਰ ਇਹ ਉਸ ਦੇ ਲਈ ਕੋਈ ਨਿੱਜੀ ਸਫ਼ਲਤਾ ਨਹੀਂ ਲੈ ਕੇ ਆਈ।

*ਸਿੱਟਾ*/ ਬਿਲਆਮ ਦੀ ਕਹਾਣੀ ਦਾ ਸਾਡੇ ਲਈ ਕੀ ਅਰਥ ਹੈ? ਸਾਡਾ ਸਬਕ ਇਕ ਕਵਿਤਾ ਦੇ ਨਾਲ ਸ਼ੁਰੂ ਹੋਇਆ ਸੀ। ਤਿੰਨ ਹੋਰ ਤੁੱਕਬੰਦੀ ਵਾਲੇ ਕਥਨ ਸਾਨੂੰ ਬਿਲਆਮ ਬਾਰੇ ਕੁਝ ਤੱਥਾਂ ਨੂੰ ਯਾਦ ਕਰਨ ਵਿਚ ਸਾਡੀ ਮਦਦ ਕਰ ਸਕਦੇ ਹਨ:

> ਬਿਲਆਮ ਇਕ ਟੇਢਾ ਮਨੁੱਖ ਸੀ ਜਿਸ ਨੇ ਨਾਂਹ ਕਿਹਾ ਪਰ ਉਸ ਦੀ ਨਾਂਹ ਵਿਚ ਵੀ ਹਾਂ ਸੀ,
> ਜਿਸ ਨੂੰ ਸਰਾਪ ਦੇਣ ਦੇ ਲਈ ਬੁਲਾਇਆ ਗਿਆ ਸੀ, ਪਰ ਬਰਕਤ ਦੇਣ ਦੇ ਲਈ ਠਹਿਰਿਆ;
> ਜਿਸ ਦੀ ਸਲਾਹ ਕੰਮ ਕਰ ਗਈ, ਪਰ ਜਿਸ ਨੂੰ ਕੋਈ ਅਸਲ ਸਫ਼ਲਤਾ ਨਹੀਂ ਮਿਲੀ।

ਪਰਮੇਸ਼ੁਰ ਜਿਹੜਾ "ਰਹੱਸਮਈ ਢੰਗ ਨਾਲ ਕੰਮ ਕਰਦਾ ਹੈ, ਅਚਰਜ ਕੰਮ ਕਰਦਾ ਹੈ"[12] - ਜਿਸ ਨੂੰ ਉਮੀਦ ਕੀਤੇ ਗਏ ਤਰੀਕਿਆਂ ਜਾਂ ਜਿਸ ਤਰ੍ਹਾਂ ਅਸੀਂ ਆਸ ਕਰਦੇ ਹਾਂ ਹਮੇਸ਼ਾ ਉਸ ਤਰੀਕੇ ਨਾਲ ਕੰਮ ਕਰਨ ਦੀ ਲੋੜ ਨਹੀਂ ਪੈ ਸਕਦੀ - ਅੱਜ ਸਾਡੇ ਲਈ ਉਸ ਕੋਲ ਬਹੁਤ ਸਾਰੀਆਂ ਹੈਰਾਨ ਕਰ ਦੇਣ ਵਾਲੀਆਂ ਗੱਲਾਂ ਹਨ।

## ਬਿਲਆਮ: ਇਤਰਾਜ਼ਯੋਗ ਚਰਿੱਤਰ ਵਾਲਾ ਮਨੁੱਖ (ਅਧਿਆਇ 24)

ਬਿਲਆਮ ਅਤੇ ਬਾਲਾਕ ਦੀ ਕਹਾਣੀ ਤੋਂ, ਸਾਨੂੰ ਬਿਲਆਮ ਦੇ ਚਰਿੱਤਰ ਬਾਰੇ ਕੀ ਸਿੱਟਾ ਕੱਢਣਾ ਚਾਹੀਦਾ ਹੈ? ਕੀ ਉਸ ਨੂੰ ਸਕਾਰਾਤਮਕ ਤੌਰ ਤੇ ਜਾਂ ਨਕਾਰਾਤਮਕ ਤੌਰ ਤੇ ਵੇਖਿਆ ਜਾਣਾ ਚਾਹੀਦਾ ਹੈ? ਕੀ ਉਹ ਚੰਗਾ ਸੀ ਜਾਂ ਬੁਰਾ ਸੀ? ਗਿਣਤੀ ਦੀ ਪੁਸਤਕ ਦੇ ਲੇਖਕ ਨੇ ਉਸ ਦੇ ਚਰਿੱਤਰ ਤੇ ਕੋਈ ਟਿੱਪਣੀ ਨਹੀਂ ਕੀਤੀ ਪਰ ਫਾਲ ਪਾਉਣ ਵਾਲੇ ਦੇ ਦੋ ਵਿਰੋਧੀ ਚਿੱਤਰ ਪੇਸ਼ ਕਰਦਾ ਜਾਪਦਾ ਸੀ।

ਅਧਿਆਇ 24 ਦੇ ਸਿੱਟੇ ਦੁਆਰਾ, ਪਾਠਕ ਇਹ ਫ਼ੈਸਲਾ ਕਰ ਸਕਦਾ ਹੈ ਕਿ - ਕਹਾਣੀ ਦੀ ਸ਼ੁਰੂਆਤ ਵਿਚ ਉਹ ਭਾਵੇਂ ਕੋਈ ਵੀ ਸੀ - ਬਿਲਆਮ ਪਰਮੇਸ਼ੁਰ ਦਾ ਸੱਚਾ ਨਬੀ ਬਣ ਚੁੱਕਾ ਸੀ ਅਤੇ ਬਾਅਦ ਵਿਚ ਉਹ ਮਹਾਨ ਇਬਰਾਨੀ ਨਬੀਆਂ ਦੇ ਨਾਲ ਤੁਲਨਾਯੋਗ ਸੀ। ਸੱਚਮੁੱਚ, ਸੰਦੇਸ਼ ਜੋ ਉਸ ਨੇ ਪੇਸ਼ ਕੀਤੇ ਸਨ ਕਮਾਲ ਦੇ ਹਨ ਅਤੇ ਸਿਰਫ ਪਰਮੇਸ਼ੁਰ ਦੇ ਵਾਕ ਨੂੰ ਬੋਲਣ ਦਾ ਉਸ ਦਾ ਦ੍ਰਿੜ੍ਹ ਸੰਕਲਪ ਪ੍ਰਸ਼ੰਸਾਯੋਗ ਹੈ।

ਬਿਲਆਮ ਦੇ ਚਰਿੱਤਰ ਦੀ ਜ਼ਰੂਰੀ ਚੰਗਿਆਈ ਵਿਚ ਕੋਈ ਵੀ ਵਿਸ਼ਵਾਸ ਗਿਣਤੀ ਵਿਚ ਅੱਗੇ ਜਾ ਕੇ ਚਕਨਾਚੂਰ ਹੋ ਜਾਂਦਾ ਹੈ। ਅਧਿਆਇ 31 ਵਿਚ ਬਿਲਆਮ ਦਾ ਫੇਰ ਜ਼ਿਕਰ ਕੀਤਾ ਗਿਆ ਹੈ। ਉੱਥੇ, ਪਾਠਕ ਨੂੰ ਉਸ ਮਿਸ਼ਨ (ਵਿਸ਼ੇਸ਼ ਕੰਮ) ਦੇ ਬਾਰੇ ਪਤਾ ਲੱਗਦਾ ਹੈ ਜੋ ਪਰਮੇਸ਼ੁਰ ਨੇ ਮਿਦਯਾਨੀਆਂ (ਜਿਨ੍ਹਾਂ ਨੇ ਅਧਿਆਇ 25 ਵਿਚ ਪਰਮੇਸ਼ੁਰ ਦੀ ਪਰਜਾ ਕੋਲੋਂ ਪਾਪ ਕਰਵਾਇਆ ਸੀ) ਨੂੰ ਨਾਸ ਕਰਨ ਦੇ ਲਈ ਦਿੱਤਾ ਸੀ ਅਤੇ ਉਹ ਪੜ੍ਹਦਾ ਹੈ ਕਿ ਇਸਰਾਏਲ ਦੀਆਂ ਫੌਜਾਂ ਨੇ "ਬਓਰ ਦੇ ਪੁੱਤ੍ਰ ਬਿਲਆਮ ਨੂੰ ਤੇਗ ਨਾਲ ਵੱਢ ਸੁੱਟਿਆ" (31:8)। ਇਸ ਤੋਂ ਇਲਾਵਾ, ਤੀਵੀਆਂ ਨੇ ਵੀ ਮਾਰੀਆਂ ਜਾਣਾ ਸੀ ਕਿਉਂਕਿ ਉਨ੍ਹਾਂ ਨੇ "ਇਸਰਾਏਲੀਆਂ ਨੂੰ ਬਿਲਆਮ ਦੀ ਸਲਾਹ ਨਾਲ ਪਓਰ ਦੀ ਗੱਲ ਵਿੱਚ ਯਹੋਵਾਹ ਦੇ ਵਿਰੁੱਧ ਅਪਰਾਧੀ ਬਣਾਇਆ" (ਅਧਿਆਇ 25 ਵਿਚ ਇਸਰਾਏਲ ਦੁਆਰਾ ਕੀਤਾ ਗਿਆ ਪਾਪ; ਵੇਖੋ 31:16)।

ਸਪੱਸ਼ਟ ਤੌਰ ਤੇ, ਅਧਿਆਇ 24 ਦੇ ਅੰਤ ਵਿਚ ਬਿਲਆਮ ਆਪਣੇ ਘਰ ਮਸੋਪੋਤਾਮੀਆ ਨੂੰ ਨਹੀਂ ਸੀ ਮੁੜਿਆ; ਬਲਕਿ, ਉਹ "ਆਪਣੇ ਅਸਥਾਨ ਨੂੰ ਮੁੜਿਆ" ਸੀ (24:25) - ਉਹ ਥਾਂ ਜਿੱਥੇ ਉਹ ਮੋਆਬ ਵਿਚ ਠਹਿਰਿਆ ਹੋਇਆ ਸੀ। ਫਿਰ, ਕਿਉਂਕਿ ਉਹ ਹਾਲੇ ਵੀ ਪੈਸੇ ਦੇ ਇਨਾਮ ਚਾਹੁੰਦਾ ਸੀ ਜਿਨ੍ਹਾਂ ਦਾ ਵਾਅਦਾ ਬਾਲਾਕ ਨੇ ਉਸ ਨਾਲ ਕੀਤਾ ਸੀ, ਉਸ ਨੇ ਮੋਆਬੀਆਂ ਨੂੰ ਉਨ੍ਹਾਂ ਦੀਆਂ ਤੀਵੀਆਂ ਨੂੰ ਇਸਰਾਏਲੀਆਂ ਨੂੰ ਮੋਹਿਤ ਕਰਨ ਦੀ ਸਲਾਹ ਦਿੱਤੀ ਸੀ ਤਾਂ ਜੋ ਉਹ "ਪਓਰ ਦੇ ਬਆਲ" ਦੀ ਪੂਜਾ ਕਰਦੇ (25:1-3)। ਫਿਰ ਇਸਰਾਏਲ ਦਾ ਪਰਮੇਸ਼ੁਰ ਇਸਰਾਏਲ ਦੇ ਵਿਰੁੱਧ ਹੋ ਜਾਵੇਗਾ ਅਤੇ ਬਾਲਾਕ ਦਾ ਉਦੇਸ਼ - ਇਸਰਾਏਲ ਨੂੰ ਸਰਾਪ ਦੇਣਾ - ਪੂਰਾ ਹੋ ਜਾਵੇਗਾ। ਬਿਲਆਮ ਦੀ ਯੋਜਨਾ ਸਫ਼ਲ ਰਹੀ; ਪਰ ਪਰਮੇਸ਼ੁਰ ਨੇ ਆਖ਼ਰਕਾਰ ਬਾਲਾਕ ਦੇ ਲੋਕਾਂ ਨੂੰ ਸਜ਼ਾ ਦਿੱਤੀ ਅਤੇ ਬਿਲਆਮ ਵੀ ਮਾਰਿਆ ਗਿਆ।

ਪੁਰਾਣੇ ਨੇਮ ਦੇ ਲੇਖਕ ਜਿਨ੍ਹਾਂ ਨੇ ਬਾਅਦ ਵਿਚ ਬਿਲਆਮ ਦੀ ਗੱਲ ਕੀਤੀ ਇਹ ਜ਼ਿਕਰ ਨਹੀਂ ਕੀਤਾ ਕਿ ਉਸ ਨੇ ਇਸਰਾਏਲ ਕੋਲੋਂ ਪਾਪ ਕਰਵਾਇਆ ਸੀ। ਮੀਕਾਹ ਨੇ, ਬਿਲਆਮ ਦੀ ਪ੍ਰਸ਼ੰਸਾ ਜਾਂ ਨਿੰਦਾ ਕੀਤੇ ਬਿਨ੍ਹਾਂ, ਆਪਣੇ ਪਾਠਕਾਂ ਨੂੰ ਚੇਤੇ ਕਰਾਇਆ ਕਿ "ਮੋਆਬ ਦੇ ਰਾਜੇ ਬਾਲਾਕ ਨੇ ਕੀ ਜੁਗਤੀ ਕੀਤੀ ਅਤੇ ਬਓਰ ਦੇ ਪੁੱਤ੍ਰ ਬਿਲਆਮ ਨੇ ਉਹ ਨੂੰ ਕੀ ਉੱਤਰ ਦਿੱਤਾ" (ਮੀਕਾਹ 6:5)। ਮੂਸਾ ਨੇ, ਬਿਵਸਥਾ ਸਾਰ ਵਿਚ, ਆਖਿਆ ਕਿ ਨਾ ਕੋਈ ਮੋਆਬੀ ਨਾ ਕੋਈ ਅਮੋਨੀ ਇਸਰਾਏਲ ਦੀ ਮੰਡਲੀ ਦਾ ਹਿੱਸਾ ਬਣ ਸਕਦਾ ਸੀ ਕਿਉਂਕਿ, ਹੋਰ ਗੱਲਾਂ ਵਿਚ, ਮੋਆਬੀਆਂ ਨੇ ਉਸ ਨੂੰ ਇਸਰਾਏਲ ਨੂੰ ਸਰਾਪ ਦੇਣ ਦੇ ਲਈ ਭਾੜੇ ਉੱਤੇ ਲਿਆ ਸੀ - ਪਰ ਉਸ ਨੇ ਅੱਗੇ ਇਹ ਆਖਿਆ ਕਿ ਪਰਮੇਸ਼ੁਰ ਨੇ ਸਰਾਪ ਨੂੰ ਬਰਕਤ ਵਿਚ ਬਦਲ ਦਿੱਤਾ ਸੀ (ਬਿਵਸਥਾ ਸਾਰ 23:4, 5)। ਅਸੀਰੀ ਤੋਂ ਬਾਅਦ ਦੇ ਸਮਿਆਂ ਵਿਚ, ਨਹਮਯਾਹ ਨੇ ਯਹੂਦੀਆਂ ਨਾਲ ਇਸ ਹਵਾਲੇ ਦੇ ਬਾਰੇ ਗੱਲ ਕੀਤੀ ਸੀ, ਖਾਸਕਰ ਇਹ ਜ਼ਿਕਰ ਕਰਦਿਆਂ ਕਿ ਮੋਆਬੀਆਂ ਨੇ ਬਿਲਆਮ ਨੂੰ ਇਸਰਾਏਲ ਨੂੰ ਸਰਾਪ ਦੇਣ ਦੇ ਲਈ ਭਾੜੇ ਉੱਤੇ ਲਿਆ ਸੀ (ਨਹਮਯਾਹ 13:1, 2)। ਯਹੋਸ਼ੁਆ ਦੀ ਪੁਸਤਕ ਦੱਸਦੀ ਹੈ ਕਿ ਇਸਰਾਏਲੀਆਂ ਨੇ ਬਿਲਆਮ ਨੂੰ ਮਿਦਯਾਨ ਦੇ ਸਰਦਾਰਾਂ ਦੇ ਨਾਲ ਮਾਰ ਦਿੱਤਾ ਸੀ (ਯਹੋਸ਼ੁਆ 13:22) ਅਤੇ ਬਾਅਦ ਵਿਚ ਆਖਦੀ ਹੈ ਕਿ ਬਾਲਾਕ ਨੇ ਇਸਰਾਏਲ ਨੂੰ ਸਰਾਪ ਦੇਣ ਦੇ ਲਈ ਬਿਲਆਮ ਨੂੰ ਬੁਲਾ ਘੱਲਿਆ ਸੀ, ਹਾਲਾਂਕਿ ਸਰਾਪ ਦੇਣ ਦੀ ਬਜਾਇ ਪਰਮੇਸ਼ੁਰ ਨੇ ਉਸ ਦੇ ਰਾਹੀਂ ਇਸਰਾਏਲ ਨੂੰ ਬਰਕਤ ਦਿੱਤੀ ਸੀ (ਯਹੋਸ਼ੁਆ 24:9, 10)।

ਨਵੇਂ ਨੇਮ ਵਿਚ, ਪਰਮੇਸ਼ੁਰ ਦੀ ਪ੍ਰੇਰਣਾ ਪਾਏ ਹੋਏ ਲੇਖਕਾਂ ਨੇ ਬਿਲਆਮ ਦੇ ਲਾਲਚ ਅਤੇ ਇਸਰਾਏਲ ਕੋਲੋਂ ਪਾਪ ਕਰਵਾਉਣ ਦੇ ਲਈ ਉਸ ਦੀ ਇਕਸਾਰ ਨਿੰਦਾ ਕੀਤੀ ਸੀ। ਪਤਰਸ ਨੇ ਆਖਿਆ ਕਿ ਬਿਲਆਮ ਨੇ "ਕੁਧਰਮ ਦੀ ਮਜੂਰੀ ਨੂੰ ਪਿਆਰਾ ਜਾਤਾ" (2 ਪਤਰਸ 2:15)

ਅਤੇ ਯਹੂਦਾਹ ਨੇ ਕੁਝ ਅਜਿਹੇ ਲੋਕਾਂ ਦੀ ਗੱਲ ਕੀਤੀ ਸੀ ਜਿਹੜੇ "... ਲਾਹੇ ਪਿੱਛੇ ਬਿਲਆਮ ਦੇ ਭਰਮ ਵਿੱਚ ਸਿਰ ਤੋੜ ਭੱਜੇ" (ਯਹੂਦਾਹ 11)। ਯੂਹੰਨਾ ਨੇ ਲਿਖਿਆ ਕਿ ਯਿਸੂ ਨੇ ਆਖਿਆ ਸੀ ਕਿ ਸਮੁਰਨੇ ਦੀ ਕਲੀਸੀਆ ਨੇ "ਬਿਲਆਮ ਦੀ ਸਿੱਖਿਆ ਧਾਰੀ ਹੈ ਜਿਹ ਨੇ ਬਾਲਾਕ ਨੂੰ ਸਿੱਖਿਆ ਦਿੱਤੀ ਸੀ ਜੋ ਇਸਰਾਏਲ ਦੇ ਵੰਸ ਦੇ ਅੱਗੇ ਠੇਡੇ ਲਾਉਣ ਵਾਲੀ ਵਸਤ ਸੁੱਟ ਦੇਵੇ ਭਈ ਓਹ ਮੂਰਤੀਆਂ ਦੇ ਚੜ੍ਹਾਵੇ ਖਾਣ ਅਤੇ ਹਰਾਮਕਾਰੀ ਕਰਨ" (ਪਰਕਾਸ਼ ਦੀ ਪੋਥੀ 2:14)।

ਬਾਈਬਲ ਵਿਚ ਦਿੱਤੇ ਗਏ ਸਬੂਤ ਅਨੁਸਾਰ, ਸਾਨੂੰ ਕੀ ਸਿੱਟਾ ਕੱਢਣਾ ਚਾਹੀਦਾ ਹੈ? ਬਿਲਆਮ ਜਿਹੜਾ ਕਿ ਮਸੋਪੋਤਾਮੀਆ ਦਾ ਇਕ ਪ੍ਰਸਿੱਧ ਫਾਲ ਪਾਉਣ ਵਾਲਾ ਸੀ, ਮੋਆਬੀਆ ਦੇ ਲਈ ਪਰਮੇਸ਼ੁਰ ਦਾ ਬੁਲਾਰਾ ਬਣ ਗਿਆ। ਯਹੋਵਾਹ ਪਰਮੇਸ਼ੁਰ ਦੀ ਸਮਰੱਥਾ ਤੇ ਸਪੱਸ਼ਟ ਤੌਰ ਤੇ ਪੂਰਾ ਯਕੀਨ ਰੱਖਦੇ ਹੋਏ, ਉਸ ਨੇ ਬਾਲਾਕ ਦੇ ਖੌਫ ਦੇ ਬਿਨ੍ਹਾਂ ਇਸਰਾਏਲ ਨੂੰ ਦਿਲੇਰੀ ਨਾਲ ਬਰਕਤ ਦਿੱਤੀ, ਜਿਸ ਨੇ ਉਸ ਨੂੰ ਭਾੜੇ ਉੱਤੇ ਲਿਆ ਸੀ। ਬਾਲਾਕ ਨੂੰ ਕਹੇ ਗਏ ਉਸ ਦੇ ਸ਼ਬਦਾਂ ਵਿਚ ਸੱਚਾਈ ਸੀ। ਪਰ, ਉਸ ਦੀ ਇਕ ਕਮਜ਼ੋਰੀ ਸੀ: ਉਹ ਪੈਸੇ ਨੂੰ ਪਿਆਰ ਕਰਦਾ ਸੀ। ਕਿਉਂਕਿ ਉਹ ਆਰਥਿਕ ਇਨਾਮਾਂ ਨੂੰ ਚਾਹੁੰਦਾ ਸੀ ਜਿਨ੍ਹਾਂ ਦਾ ਵਾਅਦਾ ਬਾਲਾਕ ਨੇ ਉਸ ਨਾਲ ਕੀਤਾ ਸੀ, ਉਸ ਨੇ ਪਰਮੇਸ਼ੁਰ ਨੂੰ ਉਸ ਦੀ ਪਰਜਾ ਦੇ ਵਿਰੁੱਧ ਕਰਨ ਦੀ ਇਕ ਸਾਜਿਸ਼ ਰਚੀ। ਬਿਲਆਮ ਉਹ ਵਿਅਕਤੀ ਸੀ ਜਿਸ ਦੇ ਬਾਰੇ ਬਹੁਤ ਕੁਝ ਚੰਗਾ ਵੀ ਕਿਹਾ ਜਾ ਸਕਦਾ ਹੈ, ਪਰ ਜਿਸ ਦੀ ਕਮਜ਼ੋਰੀ ਹੀ ਉਸ ਨੂੰ ਪਾਪ ਦੀ ਵੱਲ ਲੈ ਗਈ ਅਤੇ ਜਿਸ ਦਾ ਪਾਪ ਉਸ ਦਾ ਨਾਸ ਲੈ ਕੇ ਆਇਆ।

---

## ਟਿੱਪਣੀਆਂ

[1]ਟਿਮੋਥੀ ਆਰ. ਐਸ਼ਲੀ ਦੀ ਪੁਸਤਕ ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1993) ਵਿਚ ਸਫ਼ਾ 486 ਤੇ *ਗਿਣਤੀ ਦੀ ਪੁਸਤਕ* ਹੈ। [2]ਪੁਰਾਤਨ ਸਿਰਲੇਖ *ਸ਼ਦੇ* ਪਰਮੇਸ਼ੁਰ ਦੇ ਲਈ ਪੁਰਾਣੇ ਨੇਮ ਵਿਚ ਲਗਭਗ ਪੰਜਾਹ ਵਾਰ ਵਰਤਿਆ ਗਿਆ ਹੈ, ਸਭ ਤੋਂ ਜ਼ਿਆਦਾ ਅੱਯੂਬ ਦੀ ਪੁਸਤਕ ਵਿਚ। [3]ਆਰ. ਕੇ. ਹੈਰੀਸਨ, *ਗਿਣਤੀ: ਐਨ ਐਕਸਜੈਟੀਕਲ ਕਮੈਂਟਰੀ* (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1992), 318. [4]ਆਰ. ਡੈਨਿਸ ਕੋਲ ਦੀ ਪੁਸਤਕ *ਜ਼ੋਂਡੇਰਵਨ ਇਲੂਸਟਰੇਟਡ ਬਾਈਬਲ ਬੈਕਗਰਾਊਂਡਸ ਕਮੈਂਟਰੀ*, ਜਿਲਦ 1, *ਉਤਪਤ, ਕੂਚ, ਲੇਵੀਆਂ ਦੀ ਪੋਥੀ, ਗਿਣਤੀ, ਬਿਵਸਥਾ ਸਾਰ*, ਸੰਪਾ. ਜੌਨ ਵਾਲਟਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2009) ਵਿਚ ਸਫ਼ਾ 384 ਤੇ "ਗਿਣਤੀ" ਹੈ। [5]ਵਿਰਤਾਂਤ ਵਿਚ ਪਹਿਲਾਂ, ਪਰਮੇਸ਼ੁਰ ਬਿਲਆਮ ਨਾਲ ਕ੍ਰੋਧਿਤ ਸੀ (22:22) ਅਤੇ ਬਿਲਆਮ ਆਪਣੀ ਗਧੀ ਨਾਲ ਕ੍ਰੋਧਿਤ ਸੀ (22:27)। [6]ਪੁਰਾਤਨ ਮਸੋਪੋਤਾਮੀਆ ਕਲਾ ਵਿਚ ਦੋ ਕਿਸਮਾਂ ਦਾ ਆਸਾ ਵਿਖਾਇਆ ਗਿਆ ਹੈ: "ਅਲੰਕ੍ਰਿਤ ਸਿਰ ਵਾਲਾ ਇਕ ਲੰਮਾ, ਪਤਲਾ ਡੰਡਾ" ਅਤੇ "ਇਕ ਛੋਟੇ ਮੁੱਠੇ ਵਾਲਾ ਲੜਨ ਵਾਲਾ ਗੁਰਜ।" ਸਪੱਸ਼ਟ ਤੌਰ ਤੇ, ਇੱਥੇ ਦੂਜੀ ਕਿਸਮ ਦੇ ਆਸਾ ਦਾ ਹਵਾਲਾ ਦਿੱਤਾ ਗਿਆ ਹੈ ਕਿਉਂਕਿ ਇਹ ਦੁਸ਼ਮਣ ਨੂੰ ਮਾਰਨ ਦੇ ਲਈ ਵਰਤਿਆ ਜਾਂਦਾ ਸੀ। (ਲਾਅਰੈਂਸ ਈ. ਟੂੰਬਸ ਦੀ ਪੁਸਤਕ *ਦਿ ਇੰਟਰਪ੍ਰੀਟਸ ਡਿਕਸ਼ਨਰੀ ਆਫ਼ ਦ ਬਾਈਬਲ*, ਸੰਪਾ. ਜੌਰਜ ਆਰਥਰ ਬੱਟਰਿਕ [ਨੈਸ਼ਵਿਲੇ: ਅਬਿੰਗਡਨ ਪ੍ਰੈਸ, 1962] ਵਿਚ ਸਫ਼ਾ 4:235 ਤੇ "ਆਸਾ" ਹੈ। ਕੋਲ ਦੀ ਪੁਸਤਕ ਵਿਚ ਸਫ਼ਾ 384 ਤੇ ਫ਼ਿਰਊਨ ਨੂੰ ਇਕ ਛੋਟੇ ਜਿਹੇ ਆਸੇ ਨਾਲ ਮਾਰਨ ਦਾ ਚਿੱਤਰ ਵੇਖੋ।) [7]ਯਹੂਦੀ ਅਤੇ ਮਸੀਹੀ ਦੋਹਾਂ ਦੇ ਹਵਾਲਿਆਂ ਦੇ ਲਈ ਵਿਆਖਿਆ ਕਰਦਾ ਹੈ ਜਿਨ੍ਹਾਂ ਨੇ ਇਸ ਹਵਾਲੇ ਨੂੰ ਮਸੀਹ ਦੇ ਹਵਾਲੇ ਦੇ ਰੂਪ ਵਿਚ ਵੇਖਿਆ ਸੀ, ਰੋਨਲਡ ਬੀ. ਐਲਨ ਦੀ ਪੁਸਤਕ *ਦਿ ਇਕਸਪੋਜੀਟਰਸ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ-ਗਿਣਤੀ*, ਸੰਪਾ. ਫਰੈਂਕ ਈ. ਗਾਬਲੀਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1990) ਵਿਚ ਸਫ਼ਾ 911 ਤੇ "ਗਿਣਤੀ" ਵੇਖੋ। [8]ਗੋਰਡਨ ਜੇ. ਵੈਨਹਮ ਦੀ ਪੁਸਤਕ ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ਾ 181 ਤੇ *ਗਿਣਤੀ* ਹੈ। [9]ਉਸੇ ਸਥਾਨ ਤੇ। [10]ਉਸੇ ਸਥਾਨ ਤੇ, 182. ਬਾਰ੍ਹਵੀ ਸਦੀ ਈਸਵੀ ਵਿਚ "ਸਮੁੰਦਰੀ ਲੋਕਾਂ" ਦੀ ਲਹਿਰ ਦੁਆਰਾ ਇਸ ਇਲਾਕੇ ਦਾ ਵਸੇਬਾ ਕਨਾਨ ਵਿਚ ਫਲਿਸਤੀਆਂ ਦੀ ਪਿਛਲੀ ਹੋਂਦ ਨੂੰ ਨਹੀਂ ਰੋਕਦਾ (ਉਤਪਤ 21:32; 26:1; ਕੂਚ 13:17; ਯਹੋਸ਼ੁਆ 13:2, 3)।

[11]ਸਿੰਥੀਆ ਮੇਅ ਵੈਸਟਓਵਰ ਆਲਡੈਨ, *ਦ ਫਸਟ ਬੁਕ ਆਫ਼ ਸੌਂਗ ਐਂਡ ਸਟੋਰੀ* (ਨਿਊ ਯਾਰਕ: ਪੀ. ਐਫ. ਕੋਲੀਅਰ ਐਂਡ ਸੰਨ, 1903), 16. [12]ਵਿਲੀਅਮ ਕੋਅਪਰ, "ਗੋਡ ਮੂਵਜ ਇਨ ਏ ਮਿਸਟੀਰੀਅਸ ਵੇਅ," *ਸੌਂਗਸ ਆਫ਼ ਫੇਥ ਐਂਡ ਪਰੇਸ*, ਸੰਕਲਨ ਅਤੇ ਸੰਪਾ. ਆਲਟਨ ਐਚ. ਹੋਵਰਡ (ਵੈਸਟ ਮੋਨਰੋ, ਲੂਸੀਆਨਾ: ਹੋਵਰਡ ਪਬਲਿਸ਼ਿੰਗ ਕੰਪਨੀ, 1994)।